## ਅਧਿਆਇ 10

# ਸਫ਼ਰ ਦੀ ਸ਼ੁਰੂਆਤ

ਡੇਹਰੇ ਨੂੰ ਇਸ ਦੇ ਸਮਾਨ ਨਾਲ ਖੜ੍ਹਾ ਕਰਨ, ਜਾਜਕਾਂ ਨੂੰ ਪਵਿੱਤ੍ਰ ਕਰਨ, ਲੋਕਾਂ ਨੂੰ ਗਿਣਨ ਅਤੇ ਡੇਰੇ ਨੂੰ ਸੰਗਠਿਤ ਕਰਨ ਤੋਂ ਬਾਅਦ, ਇਸਰਾਏਲੀਆਂ ਦੇ ਆਪਣਾ ਸਫ਼ਰ ਸ਼ੁਰੂ ਕਰਨ ਤੋਂ ਪਹਿਲਾਂ ਮੂਸਾ ਨੂੰ ਕਰਨ ਦੇ ਲਈ ਇਕ ਹੋਰ ਕੰਮ ਦਿੱਤਾ ਗਿਆ ਸੀ। ਪਰਮੇਸ਼ੁਰ ਨੇ ਉਸ ਨੂੰ ਚਾਂਦੀ ਦੀਆਂ ਦੋ ਤੁਰ੍ਹੀਆਂ ਬਣਾਉਣ ਅਤੇ ਇਸਤੇਮਾਲ ਕਰਨ ਦੇ ਲਈ ਹਦਾਇਤਾਂ ਦਿੱਤੀਆਂ, ਜੋ ਕਿ ਲੋਕਾਂ ਦੇ ਇਸ ਵੱਡੇ ਸਮੂਹ ਨਾਲ ਗੱਲ ਕਰਨ ਵਿਚ ਮਦਦ ਕਰਨਗੀਆਂ (10:1-10)। ਅਖ਼ੀਰ ਵਿਚ, ਮੂਸਾ ਅਤੇ ਇਸਰਾਏਲੀਆਂ ਨੇ ਵਾਅਦੇ ਦੇ ਦੇਸ ਵਿਚ ਪਹੁੰਚਣ ਦੇ ਲਈ ਸੀਨਈ ਤੋਂ ਕੂਚ ਕੀਤਾ (10:11-36)।

## ਦੋ ਤੁਰ੍ਹੀਆਂ: ਉਨ੍ਹਾਂ ਦੀ ਰਚਨਾ ਅਤੇ ਵਰਤੋ (10:1-10)

**[1]ਯਹੋਵਾਹ ਨੇ ਮੂਸਾ ਨੂੰ ਬੋਲਿਆ, [2]ਆਪਣੇ ਲਈ ਚਾਂਦੀ ਦੀਆਂ ਦੋ ਤੁਰ੍ਹੀਆਂ ਬਣਾ। ਉਨ੍ਹਾਂ ਨੂੰ ਘੜ ਕੇ ਬਣਾ ਤਾਂ ਜੋ ਓਹ ਤੇਰੇ ਲਈ ਮੰਡਲੀ ਦੇ ਸੱਦਣ ਨੂੰ ਅਤੇ ਡੇਰਿਆਂ ਦੇ ਕੂਚ ਕਰਨ ਲਈ ਹੋਣ। [3]ਜਦ ਓਹ ਉਨ੍ਹਾਂ ਨੂੰ ਫੂਕਣ ਤਾਂ ਸਾਰੀ ਮੰਡਲੀ ਤੇਰੇ ਕੋਲ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਇਕੱਠੀ ਹੋ ਜਾਵੇ। [4]ਜੇਕਰ ਇੱਕੋ ਹੀ ਫੂਕਣ ਤਾਂ ਪਰਧਾਨ ਜਿਹੜੇ ਇਸਰਾਏਲ ਵਿੱਚ ਹਜ਼ਾਰਾਂ ਦੇ ਮੁਖੀਏ ਹਨ ਤੇਰੇ ਕੋਲ ਇਕੱਠੇ ਹੋ ਜਾਣ। [5]ਜਦ ਤੁਸੀਂ ਸਾਹ ਖਿੱਚ ਕੇ ਫੂਕ ਮਾਰੋ ਤਾਂ ਚੜ੍ਹਦੇ ਪਾਸੇ ਦੇ ਡੇਰੇ ਕੂਚ ਕਰਨ। [6]ਜਦ ਤੁਸੀਂ ਸਾਹ ਖਿੱਚ ਕੇ ਦੂਜੀ ਵਾਰ ਫੂਕ ਮਾਰੋ ਤਾਂ ਦੱਖਣ ਦੇ ਡੇਰੇ ਕੂਚ ਕਰਨ। ਐਉਂ ਉਨ੍ਹਾਂ ਦੇ ਕੂਚ ਕਰਨ ਲਈ ਓਹ ਸਾਹ ਖਿੱਚ ਕੇ ਫੂਕਣ। [7]ਜਦ ਸਭਾ ਇਕੱਠੀ ਕਰਨੀ ਹੋਵੇ ਤਾਂ ਤੁਸੀਂ ਫੂਕੋ ਪਰ ਸਾਹ ਖਿੱਚ ਕੇ ਨਾ ਫੂਕੋ। [8]ਅਤੇ ਹਾਰੂਨ ਦੇ ਪੁੱਤ੍ਰ ਜਾਜਕ ਤੁਰ੍ਹੀਆਂ ਫੂਕਣ ਅਤੇ ਉਹ ਤੁਹਾਡੇ ਲਈ ਸਦਾ ਤੀਕ ਤੁਹਾਡੀ ਪੀੜ੍ਹੀਓਂ ਪੀੜ੍ਹੀ ਇੱਕ ਬਿਧੀ ਹੋਵੇ। [9]ਜਦ ਤੁਸੀਂ ਆਪਣੇ ਦੇਸ ਵਿੱਚ ਆਪਣੇ ਵੈਰੀਆਂ ਦੇ ਵਿਰੁੱਧ ਜਿਹੜੇ ਤੁਹਾਨੂੰ ਸਤਾਉਂਦੇ ਹਨ ਜੁੱਧ ਕਰਨ ਲਈ ਜਾਓ ਤਾਂ ਤੁਸੀਂ ਤੁਰ੍ਹੀਆਂ ਨੂੰ ਸਾਹ ਖਿੱਚ ਕੇ ਫੂਕੋ, ਫੇਰ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਅੱਗੇ ਚੇਤੇ ਕੀਤੇ ਜਾਓਗੇ ਅਤੇ ਆਪਣੇ ਵੈਰੀਆਂ ਤੋਂ ਬਚਾਏ ਜਾਓਗੇ। [10]ਨਾਲੇ ਤੁਸੀਂ ਆਪਣੇ ਅਨੰਦ ਦੇ ਦਿਨ ਅਤੇ ਆਪਣੇ ਠਹਿਰਾਏ ਹੋਏ ਸਮੇਂ ਉੱਤੇ ਅਤੇ ਆਪਣੇ ਮਹੀਨਿਆਂ ਦੇ ਅਰੰਭ ਵਿੱਚ ਤੁਰ੍ਹੀਆਂ ਨੂੰ ਆਪਣੇ ਹੋਮ ਦੀਆਂ ਭੇਟਾਂ ਉੱਤੇ ਅਤੇ ਆਪਣੀਆਂ ਸੁਖ ਸਾਂਦ ਦੀਆਂ ਬਲੀਆਂ ਉੱਤੇ ਫੂਕੋ ਅਤੇ ਓਹ ਤੁਹਾਡੇ ਲਈ ਤੁਹਾਡੇ ਪਰਮੇਸ਼ੁਰ ਅੱਗੇ ਇੱਕ ਯਾਦਗਾਰੀ ਹੋਣ। ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ।**

**ਆਇਤਾਂ 1, 2. ਯਹੋਵਾਹ** ਨੇ **ਮੂਸਾ** ਨੂੰ **ਚਾਂਦੀ** ਦੀਆਂ ਤੋ **ਤੁਰ੍ਹੀਆਂ** ਬਣਾਓਣ ਦੇ ਲਈ ਆਖਿਆ। ਇਸ ਕਿਸਮ ਦੀ "ਤੁਰ੍ਹੀ" (חֲצֹצְרָה, *ਚਾਟਸੋਟਸੀਰਾਹ)* "ਛੱਤ੍ਰੇ ਦੇ ਸਿੰਙ" (שׁוֹפָר, *ਸ਼ੋਪਰ)* ਤੋਂ ਨਿਵੇਕਲੀ ਹੈ ਜੋ ਪ੍ਰਾਸਚਿਤ ਦੇ ਦਿਨ ਫੂਕੀ ਜਾਂਦੀ ਸੀ (ਲੇਵੀਆਂ 25:9)। ਦੋ ਤੁਰ੍ਹੀਆਂ ਦੀ ਬਣਤਰ ਸੰਭਵ ਤੌਰ ਤੇ ਉਨ੍ਹਾਂ ਤੁਰ੍ਹੀਆਂ ਦੇ ਵਾਂਗ ਸੀ ਜੋ ਮਿਸਰ ਦੇ ਸਮੇਂ ਜਾਣੀਆਂ ਜਾਂਦੀਆਂ

ਸਨ ਅਤੇ ਜਿਨ੍ਹਾਂ ਦੀ ਖੋਜ ਰਾਜਾ ਟੁਟਨਖਾਮੈਨ ਦੀ ਕਬਰ ਵਿੱਚੋਂ ਕੀਤੀ ਗਈ ਸੀ। ਉਹ ਵਿਸ਼ੇਸ਼ ਸਾਜ ਲਗਭਗ ਦੋ ਫੁੱਟ ਲੰਮੇ ਸਨ ਅਤੇ ਉਨ੍ਹਾਂ ਦੀਆਂ ਦੋ ਸਿੱਧੀਆਂ ਨਾਲੀਆਂ ਸਨ ਜੋ ਸਿਰੇ ਤੋਂ ਫੁੱਲ ਜਾਂਦੀਆਂ ਸਨ।[1]

10:1-10 ਵਿਚ ਦੋ ਚਾਂਦੀ ਦੀਆਂ ਤੁਰ੍ਹੀਆਂ ਦੀ ਵਰਤੋਂ ਦੇ ਕਈ ਉਦੇਸ਼ ਦਿੱਤੇ ਗਏ ਹਨ:

1. **ਮੰਡਲੀ ਨੂੰ ਸੱਦਣਾ** (10:2)।
2. ਉਨ੍ਹਾਂ ਇਸਰਾਏਲੀਆਂ ਨੂੰ ਜਿਨ੍ਹਾਂ ਨੇ ਡੇਰਾ ਲਾਇਆ ਸੀ **ਕੂਚ ਕਰਨ** ਦੇ ਲਈ ਇਸ਼ਾਰਾ ਕਰਨਾ (10:2, 5, 6)।
3. ਮੰਡਲੀ ਦੇ ਮੁਖੀਆਂ ਨੂੰ ਇਕੱਠਾ ਕਰਨਾ (10:4)।
4. ਖ਼ਤਰੇ ਦੀ ਚਿਤਾਵਨੀ ਦੇਣਾ ਜਦੋਂ ਇਸਰਾਏਲੀ ਜੁੱਧ ਕਰਨ ਦੇ ਲਈ ਜਾਂਦੇ ਸਨ (10:9)।
5. ਪਰਮੇਸ਼ੁਰ ਨੂੰ ਸਮਰਪਿਤ ਪਰਬਾਂ ਨੂੰ ਮਨਾਉਣਾ (10:10)।

**ਆਇਤਾਂ 3, 4.** ਤੁਰ੍ਹੀਆਂ ਨੂੰ ਫੂਕਣ ਦਾ ਮੌਕਾ ਉਸ ਕਿਸਮ ਦੀ ਅਵਾਜ਼ ਨੂੰ ਪੈਦਾ ਕਰਦਾ ਸੀ ਜਿਸ ਦੀ ਲੋੜ ਸੀ। 3 ਅਤੇ 4 ਆਇਤਾਂ ਵਿਚ, ਨਿਸ਼ਾਨਾ ਮੰਡਲੀ ਨੂੰ ਸੱਦਣਾ ਸੀ। ਜਦੋਂ **ਦੋਵੇਂ** ਤੁਰ੍ਹੀਆਂ **ਫੂਕੀਆਂ** ਜਾਣੀਆਂ ਸਨ, **ਸਾਰੀ ਮੰਡਲੀ** ਨੇ **ਮੰਡਲੀ ਦੇ ਤੰਬੂ** ਦੇ ਦਰਵੱਜੇ ਕੋਲ **ਇਕੱਠੀ ਹੋਣਾ** ਸੀ। ਬਾਕੀ ਸਮਿਆਂ ਤੇ, ਸਿਰਫ ਇੱਕੋ ਤੁਰ੍ਹੀ ਵਜਾਈ ਜਾਂਦੀ ਸੀ, ਜੋ ਇਸ ਗੱਲ ਵੱਲ ਇਸ਼ਾਰਾ ਕਰਦੀ ਸੀ ਕਿ ਸਿਰਫ **ਮੁਖੀਆਂ** ਨੇ **ਇਕੱਠੇ** ਹੋਣਾ ਸੀ।

**ਆਇਤਾਂ 5, 6.** ਜਿਸ ਤਰੀਕੇ ਨਾਲ ਤੁਰ੍ਹੀਆਂ ਵਜਾਈਆਂ ਜਾਂਦੀਆਂ ਸਨ ਉਹ ਇਹ ਸੰਕੇਤ ਦਿੰਦੀਆਂ ਸਨ ਕਿ ਇਹ ਗੋਤਾਂ ਦੇ ਲਈ ਸਫ਼ਰ ਦੇ ਜਾਣ ਦੇ ਲਈ **ਕੂਚ ਕਰਨ** ਦਾ ਸਮਾਂ ਸੀ। ਫੂਕਣ ਸ਼ਬਦ, ਜਿਹੜਾ 3 ਅਤੇ 4 ਆਇਤਾਂ ਵਿਚ ਆਉਂਦਾ ਹੈ, 5 ਅਤੇ 6 ਆਇਤਾਂ ਵਿਚ **ਸਾਹ ਖਿੱਚ ਕੇ ਫੂਕ ਮਾਰੋ** ਸ਼ਬਦ ਵਿਚ ਯੋਗ ਹੁੰਦਾ ਹੈ - ਜੋ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਇਕ ਵੱਖਰੀ ਅਵਾਜ਼ ਪੈਦਾ ਹੁੰਦੀ ਸੀ। ਬੀ ਮਾਰਸਿੰਘ ਨੇ ਕਿਹਾ ਕਿ ਯਹੂਦੀ ਰਵਾਇਤ ਅਨੁਸਾਰ, "ਫੂਕਣ" ਸ਼ਬਦ "ਬਾਹਰ ਖਿੱਚੀ ਹੋਈ, ਨਿਰਵਿਘਨ ਅਵਾਜ਼ ਦਾ ਹਵਾਲਾ ਦਿੰਦਾ ਹੈ," ਜਦ ਕਿ "ਸਾਹ ਖਿੱਚ ਕੇ ਫੂਕ ਮਾਰੋ" "ਛੋਟੀ ਵਿਘਨ ਅਵਾਜ਼ ਦਾ ਹਵਾਲਾ ਦਿੰਦਾ ਹੈ (ਉਨ੍ਹਾਂ ਵਿੱਚੋਂ ਤਿੰਨ, ਬਾਅਦ ਵਾਲੇ ਯਹੂਦੀ ਧਰਮ ਅਨੁਸਾਰ)।"[2]

ਜਿੰਨੀ ਵਾਰ ਤੁਰ੍ਹੀਆਂ ਫੂਕੀਆਂ ਜਾਂਦੀਆਂ ਸਨ ਇਹ ਵੱਖ-ਵੱਖ **ਡੇਰਿਆਂ** ਦੇ ਲਈ ਵੱਖ-ਵੱਖ ਸੰਦੇਸ਼ ਭੇਜਦੀਆਂ ਸਨ। ਜਦੋਂ ਪਹਿਲੀ ਵਾਰ ਸਾਹ ਖਿੱਚ ਕੇ ਤੁਰ੍ਹੀ ਫੂਕੀ ਗਈ, ਤਾਂ ਗੋਤ ਜਿਨ੍ਹਾਂ ਨੇ **ਚੜ੍ਹਦੇ ਪਾਸੇ ਵੱਲ** ਡੇਰਾ ਲਾਇਆ ਸੀ ਉਨ੍ਹਾਂ ਨੇ ਆਪਣੇ ਸਫ਼ਰ ਨੂੰ ਸ਼ੁਰੂ ਕੀਤਾ ਅਤੇ ਉਨ੍ਹਾਂ ਦੀ ਅਗਵਾਈ ਯਹੂਦਾਹ ਦੇ ਗੋਤ ਦੁਆਰਾ ਕੀਤੀ ਗਈ (2:3, 34)। ਜਦੋਂ **ਦੂਜੀ ਵਾਰ** ਸਾਹ ਖਿੱਚ ਕੇ ਤੁਰ੍ਹੀ ਫੂਕੀ ਗਈ, ਤਾਂ ਗੋਤ ਜਿਨ੍ਹਾਂ ਨੇ **ਦੱਖਣ ਵੱਲ** ਡੇਰਾ ਲਾਇਆ ਸੀ ਉਨ੍ਹਾਂ ਨੇ ਆਪਣੇ ਸਫ਼ਰ ਨੂੰ ਸ਼ੁਰੂ ਕੀਤਾ ਅਤੇ ਉਨ੍ਹਾਂ ਦੀ ਅਗਵਾਈ ਰਊਬੇਨ ਦੇ ਗੋਤ ਦੁਆਰਾ ਕੀਤੀ ਗਈ (2:10)।

ਉਨ੍ਹਾਂ ਗੋਤਾਂ ਦਾ ਕੀ ਬਣਿਆ ਜਿਨ੍ਹਾਂ ਨੇ ਡੇਹਰੇ ਦੇ ਪੱਛਮ ਅਤੇ ਉੱਤਰ ਵਾਲੇ ਪਾਸੇ ਡੇਰਾ ਲਾਇਆ ਸੀ? ਇਹ ਸੰਭਵ ਹੈ ਕਿ ਪੱਛਮੀ ਅਤੇ ਉੱਤਰੀ ਗੋਤਾਂ ਦੇ ਸੰਦਰਭ ਨੂੰ ਮੂਸਾ ਦੀ ਲਿਖਤ (MT) ਵਿੱਚੋਂ ਛੱਡ ਦਿੱਤਾ ਗਿਆ ਹੈ,[3] ਜਿਸ ਦੇ ਉੱਤੇ ਸਾਡੇ ਅੰਗ੍ਰੇਜ਼ੀ ਅਨੁਵਾਦ ਅਧਾਰਿਤ ਹਨ। ਪਰ, ਸ਼ਾਇਦ ਲੇਖਕ ਨੇ ਇਸ ਜਾਣਕਾਰੀ ਨੂੰ ਜਾਣਬੁੱਝ ਕੇ ਛੱਡ ਦਿੱਤਾ ਹੈ, ਇਹ ਜਾਣਦੇ ਹੋਏ ਕਿ ਪਾਠਕ ਆਪਣੇ ਆਪ ਇਹ ਦੀ ਕਲਪਨਾ ਕਰ ਲਵੇਗਾ: ਤੀਜੀ ਵਾਰ ਸਾਹ ਖਿੱਚ ਕੇ ਫੂਕਣ ਤੇ, ਪੱਛਮੀ ਗੋਤਾਂ ਨੇ ਕੂਚ ਕੀਤਾ ਸੀ ਅਤੇ ਚੌਥੀ ਵਾਰ ਸਾਹ ਖਿੱਚ ਕੇ ਫੂਕਣ ਤੇ, ਉਨ੍ਹਾਂ ਦੇ ਪਿੱਛੇ

ਉੱਤਰੀ ਗੋਤਾਂ ਨੇ ਕੂਚ ਕੀਤਾ ਸੀ।

**ਆਇਤ 7.** ਇਸ ਤੋਂ ਇਲਾਵਾ ਇਹ ਆਇਤ **ਸਭਾ ਇਕੱਠੀ ਕਰਨ** ਲਈ ਤੁਰ੍ਹੀ ਫੂਕਣ (10:3, 4) ਅਤੇ ਸਫ਼ਰ ਦੇ ਲਈ ਕੂਚ ਕਰਨ ਵਾਸਤੇ **ਸਾਹ ਖਿੱਚ ਕੇ ਤੁਰ੍ਹੀ ਫੂਕਣ** (10:5, 6) ਵਿਚਕਾਰ ਫ਼ਰਕ ਤੇ ਜ਼ੋਰ ਦਿੰਦੀ ਹੈ। ਮਿਸ਼ਨਾਹ "ਨਿਰੰਤਰ ਅਵਾਜ਼," ਜਿਹੜੀ "ਕੰਬਦੀ ਹੋਈ ਅਵਾਜ਼" ਨਾਲੋਂ ਤਿੰਨ ਗੁਣਾ ਲੰਬੀ ਸੀ ਵਿਚਕਾਰ ਫ਼ਰਕ ਨੂੰ ਦਰਸਾਉਂਦੀ ਹੈ। ਬਦਲੇ ਵਿਚ, "ਕੰਬਦੀ ਅਵਾਜ਼" "ਸਾਹ ਖਿੱਚ ਕੇ ਫੂਕ ਮਾਰਨ ਦੀ ਅਵਾਜ਼" ਨਾਲੋਂ ਤਿੰਨ ਗੁਣਾ ਲੰਬੀ ਸੀ।[4]

**ਆਇਤ 8.** ਚਾਂਦੀ ਦੀਆਂ ਦੋ **ਤੁਰ੍ਹੀਆਂ** ਫੂਕਣਾ **ਹਾਰੂਨ ਦੇ ਪੁੱਤ੍ਰ ਜਾਜਕਾਂ** ਦੀ ਵਿਸ਼ੇਸ਼ ਜ਼ਿੰਮੇਵਾਰੀ ਹੋਵੇਗੀ ਅਤੇ ਇਹ **ਸਦਾ ਤੀਕ** [ਉਨ੍ਹਾਂ ਦੀ] **ਪੀੜ੍ਹੀਓ ਪੀੜ੍ਹੀ ਇੱਕ ਬਿਧੀ** ਹੋਵੇਗੀ। ਇਹ ਭਾਸ਼ਾ ਬਿਧੀ ਦੀ ਮਹੱਤਤਾ ਅਤੇ ਮਿਆਦ ਤੇ ਜ਼ੋਰ ਦਿੰਦੀ ਹੈ।[5] ਇਹ "ਸਦਾ ਤੀਕ ਬਿਧੀ" ਤਦ ਤੱਕ ਲਾਗੂ ਸੀ ਜਿੰਨੀ ਦੇਰ ਤੱਕ ਪੁਰਾਣਾ ਨੇਮ ਲਾਗੂ ਸੀ (ਵੇਖੋ ਕੁਲੁੱਸੀਆਂ 2:14)। ਹਾਰੂਨ ਦੇ ਜਾਜਕਪੁਣੇ ਅਤੇ ਯਹੂਦੀ ਬਲੀਦਾਨ ਵਿਵਸਥਾ ਨੂੰ ਆਖ਼ਰਕਾਰ 70 ਈਸਵੀ ਵਿਚ ਹਟਾ ਦਿੱਤਾ ਗਿਆ ਸੀ ਜਦੋਂ ਯਰੂਸ਼ਲਮ ਮੰਦਿਰ ਤਬਾਹ ਕਰ ਦਿੱਤਾ ਗਿਆ ਸੀ (ਵੇਖੋ ਇਬਰਾਨੀਆਂ 8:13)।

**ਆਇਤ 9.** ਸਭਾ (10:3, 4) ਅਤੇ ਸਫ਼ਰ ਦੇ ਲਈ ਕੂਚ ਕਰਨ (10:5, 6) ਦੇ ਸਮਿਆਂ ਤੋਂ ਇਲਾਵਾ, **ਤੁਰ੍ਹੀਆਂ ਜੁੱਧ** ਦੇ ਲਈ ਤਿਆਰੀ ਦਾ ਸੰਕੇਤ ਦੇਣ ਦੇ ਲਈ ਫੂਕੀਆਂ ਜਾਣੀਆਂ ਸਨ। ਦਿੱਤੀਆਂ ਗਈਆਂ ਹਦਾਇਤਾਂ ਸਿਰਫ ਰੱਖਿਆਤਮਕ ਜੁੱਧ ਦੇ ਲਈ **ਸਾਹ ਖਿੱਚ ਕੇ ਫੂਕਣ** ਦਾ ਜ਼ਿਕਰ ਕਰਦੀਆਂ ਹਨ: **ਵੈਰੀਆਂ ਦੇ ਵਿਰੁੱਧ ਜਿਹੜੇ ਸਤਾਉਂਦੇ ਹਨ**। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਤੁਰ੍ਹੀਆਂ ਇਸਰਾਏਲੀਆਂ ਦੀ ਕਨਾਨ ਦੀ ਜਿੱਤ ਵਿਚ ਲੜੇ ਜਾਣ ਵਾਲੇ ਜੁੱਧਾਂ ਵਿਚ ਵੀ ਵਰਤੀਆਂ ਜਾਣੀਆਂ ਸਨ। ਅੱਗੇ ਚੱਲ ਕੇ ਗਿਣਤੀ ਦੀ ਪੁਸਤਕ ਵਿਚ, ਜਦੋਂ ਜਾਜਕ ਫ਼ੀਨਹਾਸ ਮਿਦਯਾਨੀਆਂ ਦੇ ਵਿਰੁੱਧ ਆਪਣੀ ਇਸਰਾਏਲੀ ਸੈਨਾ ਦੇ ਨਾਲ ਗਿਆ, ਉਹ ਆਪਣੇ ਹੱਥਾਂ ਵਿਚ ਤੁਰ੍ਹੀਆਂ ਚੁੱਕ ਕੇ ਲੈ ਗਿਆ (31:6)।

ਤੁਰ੍ਹੀਆਂ ਨਾ ਸਿਰਫ ਮੁਖੀਆਂ ਅਤੇ ਲੋਕਾਂ ਵਿਚਕਾਰ ਗੱਲਬਾਤ ਦੇ ਸਾਧਨ ਪ੍ਰਦਾਨ ਕਰਦੀਆਂ ਸਨ, ਪਰ ਉਨ੍ਹਾਂ ਦਾ ਉਦੇਸ਼ - ਬੋਲਣ ਦੇ ਤਰੀਕੇ ਵਿਚ - ਪਰਮੇਸ਼ੁਰ ਦੀ ਮਦਦ ਅਤੇ ਬਰਕਤਾਂ ਦੇ ਲਈ ਪਰਮੇਸ਼ੁਰ ਦੇ ਧਿਆਨ ਨੂੰ ਖਿੱਚਣਾ ਵੀ ਸੀ। ਜੁੱਧ ਦੇ ਮਾਮਲੇ ਵਿਚ, ਤੁਰ੍ਹੀਆਂ ਲੋਕਾਂ ਬਾਰੇ **ਯਹੋਵਾਹ ਪਰਮੇਸ਼ੁਰ ਨੂੰ ਚੇਤੇ ਕਰਾਉਂਦੀਆਂ ..., ਅਤੇ** [ਉਨ੍ਹਾਂ ਨੂੰ] **ਵੈਰੀਆਂ ਤੋਂ ਬਚਾਉਂਦੀਆਂ ਸਨ।**

**ਆਇਤ 10. ਅਨੰਦ** ਦੇ ਸਮਿਆਂ ਵਿਚ, ਜਿਵੇਂ ਕਿ **ਠਹਿਰਾਏ ਹੋਏ ਸਮੇਂ**, ਤੁਰ੍ਹੀਆਂ **ਪਰਮੇਸ਼ੁਰ** ਅੱਗੇ ਉਸ ਦੇ ਆਪਣੇ ਲੋਕਾਂ ਇਸਰਾਏਲੀਆਂ ਲਈ **ਇੱਕ ਯਾਦਗਾਰੀ** ਦੇ ਰੂਪ ਵਿਚ ਵੀ ਵਰਤੀਆਂ ਜਾਂਦੀਆਂ ਸਨ। ਇਨ੍ਹਾਂ ਪਰਬਾਂ ਵਿਚ ਪਸਾਹ, ਪਤੀਰੀ ਰੋਟੀ, ਸਾਤਿਆਂ (ਪੈਂਟੀਕਾਸਟ), ਤੁਰ੍ਹੀਆਂ, ਪਰਾਸਚਿਤ ਦਾ ਦਿਨ ਅਤੇ ਡੇਰਿਆਂ ਦੇ ਪਰਬ ਸ਼ਾਮਲ ਸਨ (ਲੇਵੀਆਂ 23; ਗਿਣਤੀ 28; 29)। ਤੁਰ੍ਹੀਆਂ ਉਨ੍ਹਾਂ ਦੀਆਂ **ਹੋਮ ਦੀਆਂ ਭੇਟਾਂ** ਅਤੇ **ਸੁਖ ਸਾਂਦ ਦੀਆਂ ਬਲੀਆਂ** ਤੇ ਵੀ ਫੂਕੀਆਂ ਜਾਣੀਆਂ ਸਨ। ਇਹ ਹਦਾਇਤਾਂ ਇਸ ਅਧਿਕਾਰਤ ਕਥਨ ਨਾਲ ਖਤਮ ਹੁੰਦੀਆਂ ਹਨ: **ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ।**

## ਸਫ਼ਰ ਕਰਨ ਨੂੰ ਤਿਆਰ (10:11-13)

**11ਐਉਂ ਹੋਇਆ ਕਿ ਦੂਜੇ ਵਰਹੇ ਦੇ ਦੂਜੇ ਮਹੀਨੇ ਦੇ ਵੀਹਵੇਂ ਦਿਨ ਉਹ ਬੱਦਲ ਸਾਖੀ ਦੇ ਡੇਹਰੇ ਦੇ ਉੱਤੋਂ ਚੁੱਕਿਆ ਗਿਆ। 12ਤਾਂ ਇਸਰਾਏਲੀਆਂ ਨੇ ਸੀਨਈ ਦੀ ਉਜਾੜ ਤੋਂ ਆਪਣੇ ਸਫ਼ਰ ਲਈ ਕੂਚ ਕੀਤਾ ਅਤੇ ਬੱਦਲ ਪਾਰਾਨ ਦੀ ਉਜਾੜ ਵਿੱਚ ਟਿਕ ਗਿਆ। 13ਸੋ ਉਨ੍ਹਾਂ ਨੇ ਪਹਿਲਾ ਕੂਚ ਯਹੋਵਾਹ ਦੇ ਹੁਕਮ ਨਾਲ ਜਿਹੜਾ ਮੂਸਾ ਦੇ ਰਾਹੀਂ ਆਇਆ ਸੀ ਕੀਤਾ।**

**ਆਇਤਾਂ 11-13.** ਸੀਨਈ ਪਰਬਤ ਤੇ ਲਗਭਗ ਇਕ ਸਾਲ ਦੇ ਬਾਅਦ - **ਦੂਜੇ ਵਰਹੇ ਦੇ ਦੂਜੇ ਮਹੀਨੇ ਦੇ ਵੀਹਵੇਂ ਦਿਨ** - ਇਸਰਾਏਲੀਆਂ ਨੇ ਕਨਾਨ ਦੇ ਦੇਸ ਲਈ ਕੂਚ ਕੀਤਾ। ਸੂਚਨਾ ਜਿਸ ਦੇ ਆਧਾਰ ਤੇ ਉਨ੍ਹਾਂ ਨੇ ਕੂਚ ਕਰਨਾ ਸੀ ਉਹ ਇਹ ਸੀ ਕਿ **ਬੱਦਲ ਸਾਖੀ ਦੇ ਡੇਹਰੇ ਦੇ ਉੱਤੋਂ ਚੁੱਕਿਆ ਗਿਆ** (ਵੇਖੋ 9:15-23)। ਪਵਿੱਤਰ ਤੰਬੂ ਨੂੰ "ਸਾਖੀ ਦਾ ਡੇਹਰਾ" ਕਿਹਾ ਗਿਆ ਹੈ (ਜਿਵੇਂ ਕਿ 1:50, 53 ਵਿਚ) ਕਿਉਂਕਿ ਇਸ ਦੇ ਵਿਚ, ਨੇਮ ਦੇ ਸੰਦੂਕ ਅੰਦਰ, ਪੱਥਰਾਂ ਦੀਆਂ ਦੋ ਫੱਟੀਆਂ ਸਨ ਜਿਨ੍ਹਾਂ ਉੱਤੇ ਦਸ ਹੁਕਮ ਲਿਖੇ ਹੋਏ ਸਨ।

ਬੱਦਲ ਦੇ ਚੁੱਕੇ ਜਾਣ ਤੋਂ ਬਾਅਦ, ਲੋਕਾਂ ਨੇ **ਕੂਚ ਯਹੋਵਾਹ ਦੇ ਹੁਕਮ ਨਾਲ ਜਿਹੜਾ ਮੂਸਾ ਦੇ ਰਾਹੀਂ ਆਇਆ ਸੀ ਕੀਤਾ**। ਸ਼ਾਇਦ, ਜਦੋਂ ਬੱਦਲ ਚੁੱਕਿਆ ਗਿਆ, ਮੂਸਾ ਨੇ ਉਹ ਹੁਕਮ ਦਿੱਤਾ ਜਿਸ ਦਾ ਅਰਥ ਬੱਦਲ ਦੇ ਚੁੱਕੇ ਜਾਣ ਨਾਲ ਸਪੱਸ਼ਟ ਹੁੰਦਾ ਸੀ। ਫਿਰ ਇਸਰਾਏਲੀਆਂ ਨੇ "ਕੂਚ" ਕੀਤਾ, ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਉਨ੍ਹਾਂ ਨੇ ਤੁਰ੍ਹੀਆਂ ਦੇ ਫੂਕਣ ਦੁਆਰਾ ਕੂਚ ਕੀਤਾ ਜੋ ਕਿ ਇਹ ਇਸ਼ਾਰਾ ਕਰਦੀਆਂ ਸਨ ਕਿ ਹਰੇਕ ਗੋਤ ਨੇ ਕਤਾਰ ਵਿਚ ਆਪਣੀ-ਆਪਣੀ ਥਾਂ ਲੈਣੀ ਸੀ। ਇਸਰਾਏਲੀਆਂ ਨੇ **ਪਾਰਾਨ ਦੀ ਉਜਾੜ** ਵਿਚ, **ਸੀਨਈ ਦੀ ਉਜਾੜ** ਦੇ ਉੱਤਰ-ਪੱਛਮ ਵੱਲ ਸਫ਼ਰ ਕੀਤਾ (ਵੇਖੋ *ਵਾਧੂ ਅਧਿਐਨ: 1:1-15:41 ਵਿਚ ਮੁੱਖ ਥਾਵਾਂ ਅਤੇ ਖੋਜ ਕੱਢਣ ਵਾਲਿਆਂ ਦਾ ਰਸਤਾ*, ਸਫ਼ਾ 155)।

## "ਕੂਚ ਦੀ ਤਰਤੀਬ" (10:14-28)

**[14]ਅਤੇ ਪਹਿਲਾਂ ਯਹੂਦਾਹ ਦੇ ਡੇਰੇ ਦੇ ਦੇ ਝੰਡੇ ਦਾ ਉਨ੍ਹਾਂ ਦੀ ਸੈਨਾਂ ਅਨੁਸਾਰ ਕੂਚ ਹੋਇਆ
ਅਤੇ ਉਸ ਦਾ ਸੈਨਾ ਪਤੀ ਅੰਮੀਨਾਦਾਬ ਦਾ ਪੁੱਤ੍ਰ ਨਹਸ਼ੋਨ ਸੀ। [15]ਯਿੱਸਾਕਾਰ ਦੇ ਗੋਤ ਦਾ ਸੈਨਾ
ਪਤੀ ਸੂਆਰ ਦਾ ਪੁੱਤ੍ਰ ਨਥਨਿਏਲ ਸੀ [16]ਅਤੇ ਜ਼ਬੂਲੁਨ ਦੇ ਗੋਤ ਦਾ ਸੈਨਾ ਪਤੀ ਹੇਲੋਨ ਦਾ ਪੁੱਤ੍ਰ
ਅਲੀਆਬ ਸੀ। [17]ਫੇਰ ਡੇਹਰਾ ਲਾਹਿਆ ਗਿਆ ਅਤੇ ਗੇਰਸ਼ੋਨੀਆਂ ਅਤੇ ਮਰਾਰੀਆਂ ਨੇ ਡੇਹਰੇ ਨੂੰ
ਚੁੱਕੇ ਹੋਏ ਕੂਚ ਕੀਤਾ। [18]ਫੇਰ ਰਊਬੇਨ ਦੇ ਡੇਰੇ ਦੇ ਝੰਡੇ ਦਾ ਕੂਚ ਉਨ੍ਹਾਂ ਦੀਆਂ ਸੈਨਾਂ ਅਨੁਸਾਰ
ਹੋਇਆ ਅਤੇ ਉਨ੍ਹਾਂ ਦਾ ਸੈਨਾ ਪਤੀ ਸ਼ਦੇਊਰ ਦਾ ਪੁੱਤ੍ਰ ਅਲੀਸੂਰ ਸੀ। [19]ਸ਼ਿਮਓਨ ਦੇ ਗੋਤ ਦਾ
ਸੈਨਾ ਪਤੀ ਸੂਰੀਸ਼ੱਦਾਈ ਦਾ ਪੁੱਤ੍ਰ ਸ਼ਲੁਮੀਏਲ ਸੀ [20]ਅਤੇ ਗਾਦ ਦੇ ਗੋਤ ਦਾ ਸੈਨਾ ਪਤੀ ਦਊਏਲ
ਦਾ ਪੁੱਤ੍ਰ ਅਲਯਾਸਾਫ਼ ਸੀ। [21]ਫੇਰ ਕਹਾਥੀਆਂ ਨੇ ਡੇਹਰੇ ਨੂੰ ਚੁੱਕੇ ਹੋਏ ਕੂਚ ਕੀਤਾ ਅਤੇ ਦੂਜਿਆਂ
ਨੇ ਉਨ੍ਹਾਂ ਦੇ ਆਉਣ ਤੀਕ ਡੇਹਰੇ ਨੂੰ ਖੜਾ ਕਰ ਲਿਆ। [22]ਫੇਰ ਅਫ਼ਰਈਮੀਆਂ ਦੇ ਡੇਰੇ ਦੇ ਝੰਡੇ
ਦਾ ਉਨ੍ਹਾਂ ਦੀਆਂ ਸੈਨਾਂ ਅਨੁਸਾਰ ਕੂਚ ਹੋਇਆ। ਉਨ੍ਹਾਂ ਦਾ ਸੈਨਾ ਪਤੀ ਅੰਮੀਹੂਦ ਦਾ ਪੁੱਤ੍ਰ
ਅਲੀਸ਼ਾਮਾ ਸੀ। [23]ਮਨੱਸ਼ਹ ਦੇ ਗੋਤ ਦਾ ਸੈਨਾ ਪਤੀ ਪਦਾਹਸੂਰ ਦਾ ਪੁੱਤ੍ਰ ਗਮਲੀਏਲ ਸੀ।
[24]ਬਿਨਯਾਮੀਨ ਦੇ ਗੋਤ ਦਾ ਸੈਨਾ ਪਤੀ ਗਿਦਓਨੀ ਦਾ ਪੁੱਤ੍ਰ ਅਬੀਦਾਨ ਸੀ। [25]ਫੇਰ ਦਾਨ ਦੇ ਡੇਰੇ
ਦੇ ਝੰਡੇ ਦਾ ਜਿਹੜਾ ਸਾਰਿਆਂ ਡੇਰਿਆਂ ਦੇ ਪਛਾੜੀ ਸੀ ਉਨ੍ਹਾਂ ਦੀਆਂ ਸੈਨਾਂ ਅਨੁਸਾਰ ਕੂਚ
ਹੋਇਆ ਅਤੇ ਉਨ੍ਹਾਂ ਦਾ ਸੈਨਾ ਪਤੀ ਅੰਮੀਸ਼ੱਦਾਈ ਦਾ ਪੁੱਤ੍ਰ ਅਹੀਅਜ਼ਰ ਸੀ [26]ਅਤੇ ਆਸ਼ੇਰ ਦੇ
ਗੋਤ ਦਾ ਸੈਨਾ ਪਤੀ ਆਕਰਾਨ ਦਾ ਪੁੱਤ੍ਰ ਪਗੀਏਲ ਸੀ [27]ਅਤੇ ਨਫ਼ਤਾਲੀ ਦੇ ਗੋਤ ਦਾ ਸੈਨਾ ਪਤੀ
ਏਨਾਨ ਦਾ ਪੁੱਤ੍ਰ ਅਹੀਰਾ ਸੀ। [28]ਏਹ ਇਸਰਾਏਲੀਆਂ ਦੇ ਸਫ਼ਰ ਸਨ ਉਨ੍ਹਾਂ ਦੀਆਂ ਸੈਨਾਂ ਅਨੁਸਾਰ
ਜਦ ਓਹ ਕੂਚ ਕਰਦੇ ਹੁੰਦੇ ਸਨ।**

ਤਰਤੀਬ ਜਿਸ ਦੇ ਵਿਚ ਗੋਤਾਂ ਨੇ ਡੇਰਾ ਲਾਉਣਾ ਅਤੇ ਇਕ ਥਾਂ ਤੋਂ ਦੂਜੀ ਥਾਂ ਤੇ ਜਾਣਾ ਸੀ ਉਸ ਦੀ ਵਿਆਖਿਆ ਅਧਿਆਇ 2 ਵਿਚ ਕੀਤੀ ਗਈ ਸੀ। 10:11-28 ਵਿਚ ਜਦੋਂ ਉਨ੍ਹਾਂ ਨੇ ਸਫ਼ਰ ਨੂੰ ਸ਼ੁਰੂ ਕੀਤਾ, ਬਾਰਾਂ ਗੋਤਾਂ ਅਤੇ ਮੁਖੀਆਂ ਨੇ ਪਰਮੇਸ਼ੁਰ ਦੇ ਹੁਕਮ ਅਨੁਸਾਰ ਕੂਚ ਕੀਤਾ

ਸੀ। ਹਰੇਕ ਗੋਤ ਤੇ “ਡੇਰੇ ਦੇ ਝੰਡੇ” ਨਾਲ ਸਫ਼ਰ ਕੀਤਾ ਸੀ। 10:33 ਅਨੁਸਾਰ, ਜਦੋਂ ਉਹ ਚੱਲਦੇ ਸਨ ਤਾਂ ਸੰਦੂਕ ਕਤਾਰ ਦੇ ਅੱਗੇ-ਅੱਗੇ ਚੱਲਦਾ ਸੀ।

**ਆਇਤਾਂ 14-16.** **ਡੇਰਾ** ਜਿਸ ਨੇ **ਪਹਿਲਾਂ ਕੂਚ ਕੀਤਾ** ਉਹ ਸੀ ਜਿਹੜਾ ਡੇਹਰੇ ਦੇ ਚੜ੍ਹਦੇ ਪਾਸੇ ਵੱਲ ਸੀ। **ਯਹੂਦਾਹ** ਮੁੱਖ ਗੋਤ ਸੀ, ਜਿਹੜਾ **ਯਿੱਸਾਕਾਰ** ਅਤੇ **ਜ਼ਬੂਲੁਨ** ਦੇ ਨਾਲ ਸੀ (2:3-9)।

**ਆਇਤ 17.** ਚੜ੍ਹਦੇ ਪਾਸੇ ਵੱਲ ਗੋਤਾਂ ਦੇ ਕੂਚ ਕਰਨ ਤੋਂ ਬਾਅਦ, **ਡੇਹਰਾ ਲਾਹਿਆ ਗਿਆ**। ਲੇਵੀਆਂ ਦੇ ਦੋ ਟੱਬਰ ਇਸ ਦੀਆਂ ਵੱਖ-ਵੱਖ ਚੀਜ਼ਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣ ਦੇ ਲਈ ਜ਼ਿੰਮੇਵਾਰ ਸਨ। **ਗੇਰਸ਼ੋਨੀਆਂ** ਨੂੰ, ਜਿਨ੍ਹਾਂ ਨੇ ਡੇਹਰੇ ਦੇ ਲਹਿੰਦੇ ਪਾਸੇ ਵੱਲ ਡੇਰਾ ਲਾਇਆ ਸੀ, ਇਹ ਦੇ ਢੱਕਣਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣ ਦਾ ਹੁਕਮ ਦਿੱਤਾ ਗਿਆ ਸੀ (3:21-26)। **ਮਰਾਰੀਆਂ** ਨੂੰ, ਜਿਨ੍ਹਾਂ ਨੇ ਉੱਤਰ ਵੱਲ ਡੇਰਾ ਲਾਇਆ ਸੀ, ਇਸ ਦੇ ਢਾਂਚੇ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣ ਦੀ ਹਦਾਇਤ ਦਿੱਤੀ ਗਈ ਸੀ (3:33-37)। ਇਨ੍ਹਾਂ ਦੋਹਾਂ ਟੱਬਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿਚ ਸਹਾਇਤਾ ਕਰਨ ਦੇ ਲਈ ਗੱਡੇ ਦਿੱਤੇ ਗਏ ਸਨ (7:2-9)। ਡੇਹਰੇ ਦੇ ਸਾਰੇ ਹਿੱਸਿਆ ਨੂੰ ਇਕ ਇਕ ਕਰਕੇ ਅਲੱਗ ਕਰਨ ਅਤੇ ਇਸ ਦੇ ਹਿੱਸਿਆਂ ਨੂੰ ਗੱਡਿਆ ਉੱਤੇ ਲੱਦਣ ਤੋਂ ਬਾਅਦ, ਉਨ੍ਹਾਂ ਨੇ **ਕੂਚ ਕੀਤਾ**।

**ਆਇਤਾਂ 18-20.** ਦੂਜਾ **ਡੇਰਾ** ਜਿਸ ਨੇ ਕੂਚ ਕੀਤਾ ਉਸ ਵਿਚ ਉਹ ਗੋਤ ਸ਼ਾਮਲ ਸਨ ਜਿਨ੍ਹਾਂ ਨੇ ਡੇਹਰੇ ਦੇ ਦੱਖਣ ਵੱਲ ਡੇਰਾ ਲਾਇਆ ਸੀ। **ਰਊਬੇਨ** ਮੁੱਖ ਗੋਤ ਸੀ, ਜਿਹੜਾ **ਸ਼ਿਮਓਨ** ਅਤੇ **ਗਾਦ** ਦੇ ਨਾਲ ਸੀ (2:10-16)।

**ਆਇਤ 21.** ਉਨ੍ਹਾਂ ਤੋਂ ਬਾਅਦ, **ਕਹਾਥੀਆਂ ਨੇ ਡੇਹਰੇ ਨੂੰ ਚੁੱਕੇ ਹੋਏ ਕੂਚ ਕੀਤਾ**। ਕਹਾਥੀਆਂ, ਜਿਨ੍ਹਾਂ ਨੇ ਡੇਰਹੇ ਦੇ ਦੱਖਣ ਵੱਲ ਡੇਰਾ ਲਾਇਆ ਸੀ, ਲੇਵੀਆਂ ਦਾ ਤੀਜਾ ਟੱਬਰ ਸੀ। ਉਹ ਡੇਹਰੇ ਦੇ ਸਾਮਾਨ ਨੂੰ ਚੁੱਕਣ ਦੇ ਜ਼ਿੰਮੇਵਾਰ ਸਨ (3:27-32)। “ਪਵਿੱਤ੍ਰ ਚੀਜ਼ਾਂ” ਵਿਚ ਹਜ਼ੂਰੀ ਦੀਆਂ ਰੋਟੀਆਂ ਵਾਲੀ ਮੇਜ਼, ਸ਼ਮਾਦਾਨ, ਧੂਪ ਦੀ ਜਗਵੇਦੀ ਅਤੇ ਹੋਮ ਦੀ ਬਲੀ ਦੀ ਜਗਵੇਦੀ ਸ਼ਾਮਲ ਸਨ। ਨੇਮ ਦਾ ਸੰਦੂਕ ਇਸਰਾਏਲੀਆਂ ਦੇ ਸਮੁੱਚੇ ਜਲੂਸ ਦੀ ਅਗਵਾਈ ਕਰਦਾ ਸੀ (10:33), ਪਰ ਇਸ ਦਾ ਇੱਥੇ ਵਿਸ਼ੇਸ਼ ਤੌਰ ਤੇ ਜ਼ਿਕਰ ਨਹੀਂ ਕੀਤਾ ਗਿਆ ਹੈ।

ਅਧਿਆਇ 2 ਅਤੇ 10 ਵਿਚ ਜਲੂਸ ਦੇ ਵਰਣਨਾਂ ਵਿਚਕਾਰ ਫ਼ਰਕ ਧਿਆਨ ਦੇਣ ਯੋਗ ਹੈ। ਅਧਿਆਇ 2 ਸਫ਼ਰ ਦੇ ਪ੍ਰਬੰਧ ਦੀ ਜ਼ਿਆਦਾ ਸਧਾਰਣ ਤਸਵੀਰ ਪੇਸ਼ ਕਰਦਾ ਹੈ। ਇਹ ਜ਼ਿਕਰ ਕਰਨ ਤੋਂ ਬਾਅਦ ਕਿ ਚੜ੍ਹਦੇ ਪਾਸੇ ਵੱਲ ਅਤੇ ਲਹਿੰਦੇ ਪਾਸੇ ਵੱਲ ਡੇਰਿਆਂ ਨੇ ਕੂਚ ਕੀਤਾ, ਇਹ ਕਹਿੰਦਾ ਹੈ, “ਫੇਰ ਮੰਡਲੀ ਦੇ ਤੰਬੂ ਦਾ ਕੂਚ ਹੋਵੇ ਅਤੇ ਲੇਵੀਆਂ ਦਾ ਡੇਰਾ ਡੇਰਿਆਂ ਦੇ ਵਿਚਕਾਰ ਹੋਵੇ” (2:17)। ਇਸ ਦੇ ਉਲਟ, ਅਧਿਆਇ 10 ਜ਼ਿਆਦਾ ਵਿਸ਼ੇਸ਼ ਹੈ, ਇਹ ਦੱਸਦੇ ਹੋਏ ਕਿ ਡੇਹਰੇ ਦੇ ਸਾਰੇ ਹਿੱਸਿਆ ਨੂੰ ਅਲੱਗ ਕੀਤਾ ਗਿਆ ਅਤੇ ਜਲੂਸ ਵਿਚ ਪਹਿਲਾਂ ਵੀ ਲਿਜਾਇਆ ਗਿਆ ਸੀ (10:17)। ਅਸਲ ਵਿਚ, ਇਹ ਸਿਰਫ ਡੇਹਰੇ ਦਾ ਸਾਮਾਨ ਸੀ ਜਿਹੜਾ ਜਲੂਸ ਦੇ ਅੱਧ ਵਿਚਾਲੇ ਸੀ (10:21)।

ਲੇਵੀਆਂ ਨੂੰ ਦੋ ਸਮੂਹਾਂ ਵਿਚ ਇਸ ਲਈ ਵੰਡਿਆ ਗਿਆ ਸੀ ਤਾਂ ਕਿ ਸਾਮਾਨ ਦੇ ਪਹੁੰਚਣ ਤੋਂ **ਪਹਿਲਾਂ**, **ਡੇਹਰੇ** ਨੂੰ ਅਗਲੇ ਡੇਰੇ ਵਾਲੀ ਥਾਂ **ਖੜ੍ਹਾ ਕੀਤਾ** ਜਾ ਸਕੇ। ਗੇਰਸ਼ੋਨੀ ਅਤੇ ਮਰਾਰੀ, ਡੇਹਰੇ ਦੇ ਭਾਰੀ ਹਿੱਸਿਆਂ ਨੂੰ ਚੁੱਕ ਕੇ, ਕਹਾਥੀਆਂ ਦੇ ਅੱਗੇ ਗਏ, ਜਿਨ੍ਹਾਂ ਨੇ ਆਪਣੇ ਮੋਢਿਆਂ ਤੇ ਪਵਿੱਤ੍ਰ ਚੀਜ਼ਾਂ ਨੂੰ ਚੁੱਕਿਆ ਹੋਇਆ ਸੀ, ਤਾਂ ਕਿ ਤੰਬੂ ਨੂੰ ਖੜ੍ਹਾ ਅਤੇ ਉਨ੍ਹਾਂ ਚੀਜ਼ਾਂ ਨੂੰ ਪ੍ਰਾਪਤ ਕਰਨ ਦੇ ਲਈ ਤਿਆਰ ਕੀਤਾ ਜਾ ਸਕੇ ਜਦੋਂ ਕਹਾਥੀ ਉੱਥੇ ਪਹੁੰਚਣ। ਇਸ ਵੇਰਵੇ ਨੂੰ ਪ੍ਰਦਾਨ ਕਰਨ ਦੀ ਬਜਾਇ, ਅਧਿਆਇ 2 ਸਿਰਫ ਇਹ ਦੱਸਦਾ ਹੈ ਕਿ ਲੇਵੀ ਅਤੇ ਮੰਡਲੀ ਦਾ ਤੰਬੂ

"ਡੇਰਿਆਂ ਦੇ ਵਿਚਕਾਰ" ਸਨ ਅਤੇ ਇਸ ਲਈ ਇਸਰਾਏਲ ਦੀ ਹੋਂਦ ਅਤੇ ਪਹਿਚਾਣ ਦੇ ਲਈ ਮੁੱਖ ਸਨ (2:17 ਤੇ ਟਿੱਪਣੀਆਂ ਵੇਖੋ)।

**ਆਇਤਾਂ 22-24.** ਕਹਾਥੀਆਂ ਦੇ ਪਿੱਛੇ-ਪਿੱਛੇ ਚੱਲਦਿਆਂ, ਗੋਤ ਜਿਨ੍ਹਾਂ ਨੇ ਡੇਹਰੇ ਦੇ ਲਹਿੰਦੇ ਪਾਸੇ ਵੱਲ ਡੇਰਾ ਲਾਇਆ ਸੀ **ਕੂਚ ਕੀਤਾ**। ਗੋਤਾਂ ਦੇ ਇਸ ਤੀਜੇ ਸਮੂਹ ਦੀ ਅਗਵਾਈ **ਅਫ਼ਰਈਮ** ਦੁਆਰਾ ਕੀਤੀ ਸੀ ਅਤੇ ਇਸ ਵਿਚ **ਮਨੱਸ਼ਹ** ਅਤੇ **ਬਿਨਯਾਮੀਨ** ਸ਼ਾਮਲ ਸਨ (2:18-24)।

**ਆਇਤਾਂ 25-27. ਕੂਚ** ਕਰਨ ਵਾਲਾ ਆਖ਼ਰੀ **ਡੇਰਾ** ਡੇਹਰੇ ਦੇ ਉੱਤਰ ਵੱਲ ਸਥਿਤ ਸੀ। ਇਸ ਦੀ ਅਗਵਾਈ **ਦਾਨ** ਦੁਆਰਾ ਕੀਤੀ ਗਈ ਸੀ, ਜਿਹੜਾ **ਆਸ਼ੇਰ** ਅਤੇ **ਨਫ਼ਤਾਲੀ** ਦੇ ਨਾਲ ਸੀ (2:25-31)। ਇਹ ਸਮੂਹ ਉਨ੍ਹਾਂ ਲੋਕਾਂ ਨਾਲ ਮਿਲ ਕੇ ਬਣਿਆ ਸੀ **ਜਿਹੜਾ ਸਾਰਿਆਂ ਡੇਰਿਆਂ ਦੇ ਪਛਾੜੀ ਸੀ।**

**ਆਇਤ 28.** ਇਹ ਭਾਗ ਇਨ੍ਹਾਂ ਸ਼ਬਦਾਂ ਨਾਲ ਖਤਮ ਹੁੰਦਾ ਹੈ: **ਏਹ ਇਸਰਾਏਲੀਆਂ ਦੇ ਸਫ਼ਰ ਸਨ ਉਨ੍ਹਾਂ ਦੀਆਂ ਸੈਨਾਂ ਅਨੁਸਾਰ ਜਦ ਓਹ ਕੂਚ ਕਰਦੇ ਹੁੰਦੇ ਸਨ।** "ਸੈਨਾਂ" ਸ਼ਬਦ ਇਸ ਭਾਗ ਵਿਚ ਦੁਹਰਾਇਆ ਗਿਆ ਹੈ, ਇਹ ਜ਼ੋਰ ਦਿੰਦੇ ਹੋਏ ਕਿ ਪਰਮੇਸ਼ੁਰ ਇਸਰਾਏਲੀਆਂ ਨੂੰ ਇਕ ਪਵਿੱਤਰ ਜੁੱਧ ਦੇ ਲਈ ਤਿਆਰ ਕਰ ਰਿਹਾ ਸੀ (1:3 ਤੇ ਟਿੱਪਣੀਆਂ ਵੇਖੋ)। ਜਦੋਂ ਗੋਤ ਕਨਾਨ ਵੱਲ ਨੂੰ ਮੁੜੇ, ਉਹ (ਘੱਟੋ-ਘੱਟ ਸਿਧਾਂਤਕ ਰੂਪ ਨਾਲ) ਹਥਿਆਰਾਂ ਨਾਲ ਲੈਸ ਸਨ ਅਤੇ ਪਰਮੇਸ਼ੁਰ ਦੇ ਲਈ ਲੜਨ ਨੂੰ ਤਿਆਰ ਸਨ।

## ਹੋਬਾਬ ਨੂੰ ਸੱਦਾ (10:29-32)

**[29]ਮੂਸਾ ਨੇ ਆਪਣੇ ਸਹੁਰੇ ਰਊਏਲ ਮਿਦਯਾਨੀ ਦੇ ਪੁੱਤ੍ਰ ਹੋਬਾਬ ਨੂੰ ਆਖਿਆ ਕਿ ਅਸੀਂ ਉਸ ਥਾਂ ਨੂੰ ਜਿਹੜਾ ਯਹੋਵਾਹ ਨੇ ਸਾਨੂੰ ਦੇਣ ਨੂੰ ਆਖਿਆ ਹੈ ਕੂਚ ਕਰ ਰਹੇ ਹਾਂ। ਤੂੰ ਸਾਡੇ ਨਾਲ ਚੱਲ ਅਤੇ ਅਸੀਂ ਤੇਰੇ ਨਾਲ ਭਲਿਆਈ ਕਰਾਂਗੇ ਕਿਉਂ ਜੋ ਯਹੋਵਾਹ ਨੇ ਇਸਰਾਏਲ ਲਈ ਭਲਿਆਈ ਕਰਨ ਦੀ ਗੱਲ ਕੀਤੀ ਹੈ। [30]ਉਸ ਆਖਿਆ, ਮੈਂ ਨਹੀਂ ਜਾਵਾਂਗਾ ਸਗੋਂ ਮੈਂ ਆਪਣੇ ਦੇਸ ਅਤੇ ਆਪਣੇ ਸਾਕਾਂ ਵਿੱਚ ਜਾਵਾਂਗਾ। [31]ਤਾਂ ਉਸ ਨੇ ਆਖਿਆ, ਸਾਨੂੰ ਨਾ ਛੱਡ ਕਿਉਂ ਜੋ ਤੂੰ ਜਾਣਦਾ ਹੈਂ ਕਿ ਅਸੀਂ ਉਜਾੜ ਵਿੱਚ ਕਿਵੇਂ ਡੇਰੇ ਲਾਈਏ ਅਤੇ ਤੂੰ ਸਾਡੇ ਲਈ ਅੱਖਾਂ ਦਾ ਕੰਮ ਦੇਵੇਂਗਾ। [32]ਅਤੇ ਐਉਂ ਹੋਵੇਗਾ ਕਿ ਜਦ ਤੂੰ ਸਾਡੇ ਸੰਗ ਚੱਲੇਂ, ਹਾਂ, ਐਉਂ ਹੀ ਹੋਵੇਗਾ ਕਿ ਉਹ ਭਲਿਆਈ ਜਿਹੜੀ ਯਹੋਵਾਹ ਸਾਡੇ ਨਾਲ ਕਰੇਗਾ ਉਹੀ ਭਲਿਆਈ ਅਸੀਂ ਤੇਰੇ ਨਾਲ ਕਰਾਂਗੇ।**

ਪਰਤੱਖ ਰੂਪ ਵਿਚ, ਇਹ ਘਟਨਾ ਇਸਰਾਏਲੀਆਂ ਦੇ ਕੂਚ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ ਵਾਪਰੀ ਸੀ; ਦੂਜੇ ਸ਼ਬਦਾਂ ਵਿਚ, ਸਿਲਸਿਲੇਵਾਰ ਢੰਗ ਨਾਲ, 10:29-32 ਹਿੱਸਾ 10:11-28 ਤੋਂ ਪਹਿਲਾਂ ਦਾ ਹੈ।

**ਆਇਤਾਂ 29, 30.** ਜਦੋਂ ਇਸਰਾਏਲੀਆਂ ਨੇ ਸੀਨਈ ਨੂੰ ਛੱਡਣ ਦੀ ਤਿਆਰੀ ਕੀਤੀ, ਮੂਸਾ ਨੇ **ਹੋਬਾਬ** ਨੂੰ, ਜਿਸ ਨੂੰ **ਮੂਸਾ ਦੇ ਸਹੁਰੇ ਰਊਏਲ ਮਿਦਯਾਨੀ ਦੇ ਪੁੱਤ੍ਰ** ਦੇ ਰੂਪ ਵਿਚ ਪਛਾਣਿਆ ਗਿਆ ਹੈ, ਇਸਰਾਏਲੀਆਂ ਨਾਲ ਕਨਾਨ ਨੂੰ ਉਨ੍ਹਾਂ ਦੇ ਸਫ਼ਰ ਵਿਚ ਉਨ੍ਹਾਂ ਦੇ ਨਾਲ ਜਾਣ ਦੇ ਲਈ ਆਖਿਆ। ਮੂਸਾ ਦਾ ਸੱਦਾ ਬਿਲਕੁਲ ਪ੍ਰਾਸੰਗਿਕ ਸੀ: **ਅਸੀਂ ਉਸ ਥਾਂ ਨੂੰ ਜਿਹੜਾ ਯਹੋਵਾਹ ਨੇ ਸਾਨੂੰ ਦੇਣ ਨੂੰ ਆਖਿਆ ਹੈ ਕੂਚ ਕਰ ਰਹੇ ਹਾਂ। ਤੂੰ ਸਾਡੇ ਨਾਲ ਚੱਲ ਅਤੇ ਅਸੀਂ ਤੇਰੇ ਨਾਲ ਭਲਿਆਈ ਕਰਾਂਗੇ ਕਿਉਂ ਜੋ ਯਹੋਵਾਹ ਨੇ ਇਸਰਾਏਲ ਲਈ ਭਲਿਆਈ ਕਰਨ ਦੀ ਗੱਲ ਕੀਤੀ ਹੈ।** ਉਹ ਹੋਬਾਬ ਨਾਲ ਉਹ ਸਾਰੀਆਂ ਬਰਕਤਾਂ ਸਾਂਝੀਆਂ ਕਰਨ ਦੇ ਲਈ ਤਿਆਰ ਸੀ ਜਿਨ੍ਹਾਂ ਨੂੰ ਦੇਣ ਦਾ ਪਰਮੇਸ਼ੁਰ ਨੇ ਇਸਰਾਏਲੀਆਂ ਨਾਲ ਵਾਅਦਾ ਕੀਤਾ ਸੀ। ਹੋਬਾਬ ਨੇ ਨਾਲ ਚੱਲਣ ਤੋਂ

ਇਨਕਾਰ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਮੈਂ **ਆਪਣੇ ਦੇਸ ਅਤੇ ਆਪਣੇ ਸਾਕਾਂ ਵਿੱਚ** ਜਾਣਾ ਪਸੰਦ ਕਰਾਂਗਾ।

**ਆਇਤਾਂ 31, 32.** ਮੂਸਾ ਨੇ ਹੋਬਾਬ ਨੂੰ ਮਨਾਉਣ ਦੀ ਦੂਜੀ ਵਾਰ ਕੋਸ਼ਿਸ਼ ਕੀਤੀ: **ਸਾਨੂੰ ਨਾ ਛੱਡ ਕਿਉਂ ਜੋ ਤੂੰ ਜਾਣਦਾ ਹੈਂ ਕਿ ਅਸੀਂ ਉਜਾੜ ਵਿੱਚ ਕਿਵੇਂ ਡੇਰੇ ਲਾਈਏ ਅਤੇ ਤੂੰ ਸਾਡੇ ਲਈ ਅੱਖਾਂ ਦਾ ਕੰਮ ਦੇਵੇਂਗਾ।** ਇਸ ਵਾਰ ਉਸ ਨੇ ਆਖਿਆ ਕਿ ਹੋਬਾਬ, ਕਿਉਂਕਿ ਉਹ ਉਸ ਇਲਾਕੇ ਤੋਂ ਚੰਗੀ ਤਰ੍ਹਾਂ ਵਾਕਫ਼ ਸੀ, "ਅੱਖਾਂ" ਦੇ ਤੌਰ ਤੇ ਕੰਮ ਕਰਕੇ ਇਸਰਾਏਲੀਆਂ ਦੀ ਉਜਾੜ ਵਿੱਚੋਂ ਮਾਰਗ ਦਰਸ਼ਨ ਕਰਨ ਵਿਚ ਮਦਦ ਕਰ ਸਕਦਾ ਸੀ। ਇਸ ਤੋਂ ਇਲਾਵਾ, ਉਸ ਨੇ ਵਾਅਦਾ ਕੀਤਾ ਸੀ ਕਿ ਪਰਮੇਸ਼ੁਰ ਨੇ ਇਸਰਾਏਲ ਨਾਲ ਜੋ ਵੀ **ਭਲਿਆਈ** ਕੀਤੀ ਸੀ, ਉਹ ਵੀ ਹੋਬਾਬ ਨਾਲ ਉਹੀ ਭਲਿਆਈ ਕਰਨਗੇ।

ਉਨ੍ਹਾਂ ਦੀ ਮੁਲਾਕਾਤ ਦਾ ਨਤੀਜਾ ਨਹੀਂ ਦਿੱਤਾ ਗਿਆ ਹੈ। ਪਰ, ਨਿਆਈਆਂ 4:11 "ਹਬਰ ਕੇਨੀ" ਦੀ ਗੱਲ ਕਰਦੀ ਹੈ, ਜਿਸ ਨੇ "ਆਪਣੇ ਆਪ ਨੂੰ ਕੇਨੀਆਂ ਤੋਂ, ਮੂਸਾ ਦੇ ਸਹੁਰੇ ਹੋਬਾਬ ਦੇ ਪੁੱਤ੍ਰਾਂ ਤੋਂ ਅੱਡ ਕਰ ਲਿਆ ਸੀ" (ਵੇਖੋ ਨਿਆਈਆਂ 1:16)। ਇਸ ਲਈ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ "ਹੋਬਾਬ ਦੇ ਪੁੱਤ੍ਰ" ਜਿੱਤ ਤੋਂ ਬਾਅਦ ਇਸਰਾਏਲ ਦੇ ਨਾਲ ਸਨ, ਜੋ ਬਦਲੇ ਵਿਚ ਇਹ ਸੁਝਾਅ ਦਿੰਦਾ ਹੈ ਕਿ ਹੋਬਾਬ ਨੇ ਆਪਣੇ ਮਨ ਨੂੰ ਬਦਲ ਲਿਆ ਸੀ ਅਤੇ ਇਸਰਾਏਲੀਆਂ ਦੇ ਨਾਲ ਗਿਆ ਸੀ ਜਦੋਂ ਉਹ ਉਜਾੜ ਦੇ ਵਿੱਚੋਂ ਦੀ ਗਏ।

ਹੋਬਾਬ ਦੇ ਸੰਬੰਧ ਵਿਚ ਦੋ ਸਵਾਲ ਖੜੇ ਹੁੰਦੇ ਹਨ। ਸਭ ਤੋਂ ਪਹਿਲਾ ਸਵਾਲ, ਨਿਆਈਆਂ 4:11 ਵਿਚ ਹੋਬਾਬ ਨੂੰ "ਮੂਸਾ ਦਾ ਸਹੁਰਾ" ਕਿਵੇਂ ਕਿਹਾ ਜਾ ਸਕਦਾ ਸੀ, ਜਦੋਂ ਕਿ ਕੂਚ 2:18 ਅਤੇ 3:1 ਕਹਿੰਦੀਆਂ ਹਨ ਕਿ ਰਊਏਲ ਜਾਂ ਯਿਥਰੋ (ਪਰਤੱਖ ਰੂਪ ਵਿਚ ਇੱਕੋ ਵਿਅਕਤੀ ਦੇ ਲਈ ਦੋ ਨਾਮ) ਮੂਸਾ ਦਾ ਸਹੁਰਾ ਸੀ (ਵੇਖੋ ਕੂਚ 18:1, 2)? ਗਿਣਤੀ 10:29 ਦੀ ਇਹ ਵਿਆਖਿਆ ਕੀਤੀ ਜਾ ਸਕਦੀ ਸੀ ਕਿ ਜਾਂ ਤਾਂ ਰਊਏਲ ਮੂਸਾ ਦਾ ਸਹੁਰਾ ਸੀ ਅਤੇ ਹੋਬਾਬ ਉਸ ਦਾ ਪੁੱਤਰ (ਅਤੇ ਇਸ ਲਈ ਹੋਬਾਬ ਮੂਸਾ ਦਾ ਸਾਲਾ ਸੀ) ਜਾਂ ਇਹ ਕਿ ਹੋਬਾਬ ਮੂਸਾ ਦਾ ਸਹੁਰਾ ਸੀ (ਜਿਸ ਨੇ ਰਊਏਲ ਨੂੰ ਮੂਸਾ ਦਾ ਦਾਦਾ ਸਹੁਰਾ ਬਣਾ ਦਿੱਤਾ ਹੋਵੇਗਾ)। ਜ਼ਿਆਦਾਤਰ ਅਨੁਵਾਦ ਇਸ ਅਸਪੱਸ਼ਟਤਾ ਨੂੰ ਬਰਕਰਾਰ ਰੱਖਦੇ ਹਨ; NAB ਅਤੇ REB ਬਾਈਬਲ ਗਿਣਤੀ 10:29 ਵਿਚ ਵਿਸ਼ੇਸ਼ ਰੂਪ ਵਿਚ ਦੱਸਣ ਦੁਆਰਾ ਇਸ ਨੂੰ ਹਟਾ ਦਿੰਦੀ ਹੈ ਕਿ ਹੋਬਾਬ ਮੂਸਾ ਦਾ ਸਾਲਾ ਸੀ। ਨਿਆਈਆਂ 4:11 ਇਹ ਕਹਿਣ ਵਿਚ ਅਸਪੱਸ਼ਟ ਨਹੀਂ ਹੈ ਕਿ ਹੋਬਾਬ ਮੂਸਾ ਦਾ ਸਹੁਰਾ ਸੀ। ਪਰ NIV ਬਾਈਬਲ ਵਿਚ, ਨਿਆਈਆਂ 4:11 ਵਿਚ, ਪਗਟਿੱਪਣੀ ਨਾਲ "ਮੂਸਾ ਦੇ ਸਾਲੇ ਹੋਬਾਬ ਦੀ ਸੰਤਾਨ" ਹੈ ਜੋ ਕਹਿੰਦੀ ਹੈ "ਜਾਂ ਸਹੁਰਾ।"

ਇਸ ਪਰਤੱਖ ਵਿਰੋਧਾਭਾਸ ਦੇ ਲਈ ਕਈ ਵਿਆਖਿਆਵਾਂ ਦਿੱਤੀਆਂ ਜਾ ਚੁੱਕੀਆਂ ਹਨ: (1) ਮੂਸਾ ਦੇ ਸਹੁਰੇ ਲਈ ਵੱਖ-ਵੱਖ ਨਾਮ ਵੱਖ-ਵੱਖ ਸ੍ਰੋਤਾਂ ਤੋਂ ਆਉਂਦੇ ਹਨ। ਉਦਾਰਵਾਦੀ ਵਿਦਵਾਨ ਜਿਹੜੇ ਦਸਤਾਵੇਜ਼ੀ ਪਰਿਕਲਪਨਾ[6] ਦਾ ਸਮਰਥਨ ਕਰਦੇ ਹਨ ਕਹਿੰਦੇ ਹਨ ਕਿ ਗਿਣਤੀ ਦੀ ਪੁਸਤਕ ਦੇ ਵਿਸ਼ੇ ਅਨੇਕ ਸ੍ਰੋਤਾਂ ਤੋਂ ਆਏ ਅਤੇ ਇਹ ਕਿ "ਹੋਬਾਬ" ਅਤੇ "ਯਿਥਰੋ" ਦੋ ਵੱਖ-ਵੱਖ ਸ੍ਰੋਤਾਂ ਤੋਂ ਆਏ।[7] ਜਿਹੜੇ ਇਹ ਸਵੀਕਾਰ ਕਰਦੇ ਹਨ ਕਿ ਮੂਸਾ ਹੀ ਗਿਣਤੀ ਦੀ ਪੁਸਤਕ ਦਾ ਲੇਖਕ ਹੈ ਉਨ੍ਹਾਂ ਨੂੰ ਇਸ ਵਿਆਖਿਆ ਨੂੰ ਰੱਦ ਕਰਨਾ ਚਾਹੀਦਾ ਹੈ। (2) ਹੋਬਾਬ ਅਤੇ ਯਿਥਰੋ ਇੱਕੋ ਵਿਅਕਤੀ ਦੇ ਦੋ ਨਾਮ ਹਨ ਅਤੇ ਰਊਏਲ ਇਸ ਮਨੁੱਖ ਦਾ ਪਿਤਾ ਅਤੇ ਪਰਿਵਾਰ ਦਾ ਮੁਖੀ ਸੀ; ਇਸ ਲਈ, ਇਹ ਉਹ ਵਿਅਕਤੀ ਸੀ ਜਿਸ ਨੂੰ ਕੂਚ 2 ਵਿਚ ਧੀਆਂ ਨੇ ਆ ਕੇ ਸਭ ਕੁਝ ਦੱਸਿਆ ਸੀ।[8] (3) ਹੋਬਾਬ ਰਊਏਲ ਜਾਂ ਯਿਥਰੋ ਦਾ ਪੁੱਤਰ ਸੀ, ਪਰ ਰਊਏਲ ਦੀ ਮੌਤ ਹੋਣ ਤੇ, ਉਹ ਪਰਿਵਾਰ ਦਾ ਮੁਖੀ ਬਣ ਗਿਆ ਅਤੇ ਇਸ ਲਈ, ਇਕ ਭਾਵ ਵਿਚ, ਮੂਸਾ

ਦੀ ਪਤਨੀ ਦਾ "ਪਿਤਾ" ਅਤੇ ਮੂਸਾ ਦਾ ਸਹੁਰਾ ਬਣਿਆ।[9] (4) ਇਹ ਹੋਰ ਸੰਭਾਵਨਾ ਇਹ ਹੈ ਕਿ "ਰਊਏਲ," "ਯਿਥਰੋ" ਅਤੇ "ਹੋਬਾਬ" ਇੱਕੋ ਵਿਅਕਤੀ ਦੇ ਨਾਮ ਸਨ। ਇਹ ਵਿਆਖਿਆ ਅਸੰਭਵ ਪ੍ਰਤੀਤ ਹੁੰਦੀ ਹੈ, ਕਿਉਂਕਿ ਗਿਣਤੀ 10:29 ਵਿਚ ਦੋਵਾਂ ਦਾ ਇਕੱਠਿਆਂ ਜ਼ਿਕਰ ਕੀਤਾ ਗਿਆ ਹੈ। ਕੋਈ ਵੀ ਵਿਆਖਿਆ ਪੂਰੀ ਤਰ੍ਹਾਂ ਤਸੱਲੀਬਖਸ਼ ਨਹੀਂ ਜਾਪਦੀ।

ਦੂਜਾ ਸਵਾਲ, ਜੇਕਰ ਇਸਰਾਏਲੀਆਂ ਦੀ ਬੱਦਲ ਦੁਆਰਾ ਅਗਵਾਈ ਕੀਤੀ ਗਈ ਸੀ, ਤਾਂ ਹੋਬਾਬ ਨੂੰ ਉਜਾੜ ਵਿਚ ਉਨ੍ਹਾਂ ਦੇ ਮਾਰਗ ਦਰਸ਼ਕ ਦੇ ਤੌਰ ਤੇ ਕੰਮ ਕਰਨ ਦੀ ਕੀ ਲੋੜ ਸੀ? ਇਸ ਦਾ ਇਕ ਸੰਭਵ ਜਵਾਬ ਇਹ ਹੈ ਕਿ ਬੱਦਲ ਸਧਾਰਣ ਮਾਰਗ ਦਰਸ਼ਨ ਪ੍ਰਦਾਨ ਕਰਦਾ ਸੀ, ਉਸ ਦਿਸ਼ਾ ਵੱਲ ਨੂੰ ਜਾਂਦਾ ਸੀ ਜਿਸ ਦਿਸ਼ਾ ਵੱਲ ਇਸਰਾਏਲੀਆਂ ਨੇ ਕੂਚ ਕਰਨਾ ਹੁੰਦਾ ਸੀ, ਪਰ ਵਿਸ਼ੇਸ਼ ਰਸਤੇ ਦੀ ਚੋਣ ਪਰਮੇਸ਼ੁਰ ਨੇ ਲੋਕਾਂ ਤੇ ਛੱਡ ਦਿੱਤੀ ਸੀ।

## ਸੀਨਈ ਤੋਂ ਕੂਚ (10:33-36)

**33ਫੇਰ ਉਨ੍ਹਾਂ ਨੇ ਯਹੋਵਾਹ ਦੇ ਪਹਾੜ ਤੋਂ ਤਿੰਨਾਂ ਦਿਨਾਂ ਦਾ ਪੈਂਡਾ ਕੀਤਾ ਅਤੇ ਯਹੋਵਾਹ ਦੇ ਨੇਮ ਦੇ ਸੰਦੂਕ ਨੇ ਵੀ ਉਨ੍ਹਾਂ ਦੇ ਅੱਗੇ ਅੱਗੇ ਤਿੰਨਾਂ ਦਿਨਾਂ ਦਾ ਪੈਂਡਾ ਕੀਤਾ ਤਾਂ ਜੋ ਉਨ੍ਹਾਂ ਲਈ ਵਿਸਰਾਮ ਦਾ ਥਾਂ ਲੱਭੇ। 34ਦਿਨ ਨੂੰ ਯਹੋਵਾਹ ਦਾ ਬੱਦਲ ਉਨ੍ਹਾਂ ਦੇ ਉੱਤੇ ਹੁੰਦਾ ਸੀ ਜਦ ਓਹ ਡੇਰੇ ਤੋਂ ਕੂਚ ਕਰਦੇ ਸਨ। 35ਤਾਂ ਐਉਂ ਹੋਇਆ ਭਈ ਜਦ ਸੰਦੂਕ ਦਾ ਕੂਚ ਹੁੰਦਾ ਸੀ ਤਾਂ ਮੂਸਾ ਆਖਦਾ ਹੁੰਦਾ ਸੀ, "ਹੇ ਯਹੋਵਾਹ, ਉੱਠ ਅਤੇ ਤੇਰੇ ਵੈਰੀ ਖੇਰੂੰ ਖੇਰੂੰ ਹੋ ਜਾਣ ਅਤੇ ਤੈਥੋਂ ਘਿਣ ਕਰਨ ਵਾਲੇ ਤੇਰੇ ਅੱਗੋਂ ਨੱਠ ਜਾਣ"! 36ਅਤੇ ਜਦ ਠਹਿਰਦਾ ਸੀ ਤਾਂ ਉਹ ਕਹਿੰਦਾ ਹੁੰਦਾ ਸੀ, "ਹੇ ਯਹੋਵਾਹ, ਇਸਰਾਏਲ ਦੇ ਲੱਖਾਂ ਹਜ਼ਾਰਾਂ ਵਿੱਚ ਮੁੜ ਆ।"**

**ਆਇਤਾਂ 33, 34.** ਇਸਰਾਏਲੀਆਂ ਦੇ ਸਫ਼ਰ ਦੀ ਸ਼ੁਰੂਆਤ ਦੀ ਕਹਾਣੀ ਦੁਬਾਰਾ ਸ਼ੁਰੂ ਹੁੰਦੀ ਹੈ, ਜਦੋਂ ਲੋਕਾਂ ਨੇ ਸੀਨਈ ਪਹਾੜ ਅਰਥਾਤ **ਯਹੋਵਾਹ ਦੇ ਪਹਾੜ** ਤੋਂ ਕੂਚ ਕੀਤਾ। ਉੱਥੋਂ ਅੱਗੇ ਜਾਰੀ ਰੱਖਦਿਆਂ ਜਿੱਥੋਂ ਇਸ ਨੇ 10:13 ਵਿਚ ਛੱਡਿਆ ਸੀ, ਲਿਖਤ ਸਪੱਸ਼ਟ ਤੌਰ ਤੇ ਦੱਸਦੀ ਹੈ ਕਿ ਇਸਰਾਏਲੀਆਂ ਨੇ, ਜਦੋਂ ਉਨ੍ਹਾਂ ਦੇ ਅੱਗੇ-ਅੱਗੇ ਨੇਮ ਦਾ ਸੰਦੂਕ ਜਾਂਦਾ ਸੀ, **ਤਿੰਨਾਂ ਦਿਨਾਂ** ਦਾ ਪੈਂਡਾ ਕੀਤਾ ਅਤੇ ਇਹ ਕਿ **ਯਹੋਵਾਹ ਦਾ ਬੱਦਲ ਉਨ੍ਹਾਂ ਦੇ ਉੱਤੇ ਹੁੰਦਾ ਸੀ**।

**ਆਇਤਾਂ 35, 36.** ਇਹ ਅਧਿਆਇ ਉਨ੍ਹਾਂ ਪ੍ਰਾਰਥਨਾਵਾਂ ਦਾ ਵਰਣਨ ਕਰਨ ਦੁਆਰਾ ਖਤਮ ਹੁੰਦਾ ਹੈ ਜੋ ਮੂਸਾ ਨੇ ਕੀਤੀਆਂ **ਜਦ ਸੰਦੂਕ ਦਾ ਕੂਚ ਹੁੰਦਾ ਸੀ** ਅਤੇ **ਜਦ ਇਹ ਠਹਿਰਦਾ ਸੀ**। ਜਦੋਂ ਲੋਕਾਂ ਨੇ ਉਨ੍ਹਾਂ ਦੇ ਸਫ਼ਰਾਂ ਨੂੰ ਦੁਬਾਰਾ ਸ਼ੁਰੂ ਕੀਤਾ, ਉਸ ਨੇ ਇਹ ਪ੍ਰਾਰਥਨਾ ਕੀਤੀ, **"ਹੇ ਯਹੋਵਾਹ, ਉੱਠ ਅਤੇ ਤੇਰੇ ਵੈਰੀ ਖੇਰੂੰ ਖੇਰੂੰ ਹੋਣ ਜਾਣ ਅਤੇ ਤੈਥੋਂ ਘਿਣ ਕਰਨ ਵਾਲੇ ਤੇਰੇ ਅੱਗੇ ਨੱਠ ਜਾਣ"!** ਫਿਰ, ਜਦੋਂ ਡੇਰਾ ਲਾਉਣ ਦਾ ਸਮਾਂ ਸੀ, ਉਸ ਨੇ ਆਖਿਆ, **"ਹੇ ਯਹੋਵਾਹ, ਇਸਰਾਏਲ ਦੇ ਲੱਖਾਂ ਹਜ਼ਾਰਾਂ ਵਿੱਚ ਮੁੜ ਆ।"**

9:15-23 ਦੇ ਵਾਂਗ, ਇਹ ਹਵਾਲਾ ਇਕ ਇਤਹਾਸਕ ਦ੍ਰਿਸ਼ਟੀਕੋਣ ਤੋਂ ਲਿਖਿਆ ਗਿਆ ਸੀ। ਸਫ਼ਰ ਦੇ ਪੂਰਾ ਹੋਣ ਤੋਂ ਬਾਅਦ, ਸਫ਼ਰ ਤੇ ਮੁੜ ਪਿੱਛੇ ਝਾਤੀ ਮਾਰਦਿਆਂ, ਲੇਖਕ ਨੇ ਇਸ ਦੇ ਬਾਰੇ ਰੋਚਕ ਵੇਰਵਾ ਦਿੱਤਾ ਹੈ ਕਿ ਕਿਵੇਂ ਨੇਮ ਦਾ ਸੰਦੂਕ ਉਨ੍ਹਾਂ ਦੇ ਅੱਗੇ-ਅੱਗੇ ਜਾਂਦਾ ਸੀ।

"ਜਦੋਂ ਸੰਦੂਕ ਦਾ ਕੂਚ ਹੁੰਦਾ ਸੀ," ਪਰਮੇਸ਼ੁਰ ਦੇ ਅੱਗੇ ਇਹ ਪ੍ਰਾਰਥਨਾ ਕੀਤੀ ਜਾਂਦੀ ਸੀ ਕਿ ਉਹ ਉਸ ਦੇ ਵੈਰੀਆਂ ਨੂੰ ਉਸ ਦੇ ਅੱਗੋਂ ਨਠਾ ਦੇਵੇ। "ਜਦ ਇਹ ਠਹਿਰਦਾ ਸੀ," ਮੂਸਾ ਦੀ ਪ੍ਰਾਰਥਨਾ ਦਾ ਅਰਥ ਇਹ ਸੀ ਕਿ ਪਰਮੇਸ਼ੁਰ ਉਸ ਦੀ ਆਪਣੀ ਪਰਜਾ ਨੂੰ ਬਰਕਤ ਦੇਵੇ। ਪ੍ਰਾਰਥਨਾ ਦੇ ਦੋਹਾਂ ਹਿੱਸਿਆਂ ਵਿਚ ਪਰਮੇਸ਼ੁਰ ਨੂੰ ਸੰਬੋਧਿਤ ਕੀਤਾ ਗਿਆ ਸੀ, "ਹੇ ਯਹੋਵਾਹ,

ਉੱਠ ..."! ਅਤੇ "ਹੇ ਯਹੋਵਾਹ, ... ਮੁੜ ਆ," ਜਿਸ ਦਾ ਅਰਥ ਇਹ ਹੈ ਕਿ ਸੰਦੂਕ ਉਸ ਦੀ ਹਜ਼ੂਰੀ ਨੂੰ ਦਰਸਾਉਂਦਾ ਸੀ। ਕੀਤੀਆਂ ਗਈਆਂ ਇਹ ਰਸਮੀ ਪ੍ਰਾਰਥਨਾਵਾਂ ਪੁਰਾਣੇ ਨੇਮ ਦੇ ਵਿਚਾਰ ਨੂੰ ਪੇਸ਼ ਕਰਦੀਆਂ ਹਨ: ਪਰਮੇਸ਼ੁਰ ਆਪਣੇ ਵੈਰੀਆਂ ਨੂੰ ਸਰਾਪ ਦਿੰਦਾ ਹੈ ਅਤੇ ਉਨ੍ਹਾਂ ਨੂੰ ਬਰਕਤ ਦਿੰਦਾ ਹੈ ਜਿਹੜੇ ਉਸ ਦੇ ਪ੍ਰਤੀ ਆਗਿਆਕਾਰੀ ਹਨ।

ਇਸਰਾਏਲੀਆਂ ਦੀ ਅਗਵਾਈ ਦਾ ਵਿਰਤਾਂਤ ਕੁਝ ਹੱਦ ਤੱਕ ਉਲਝਾਉਣ ਵਾਲਾ ਹੈ। ਇਸਰਾਏਲੀਆਂ ਦਾ ਬੱਦਲ ਦੁਆਰਾ ਮਾਰਗ-ਦਰਸ਼ਨ ਕੀਤਾ ਗਿਆ ਸੀ, ਤੁਰ੍ਹੀਆਂ ਦੀ ਅਵਾਜ਼ ਨਾਲ ਆਦੇਸ਼ ਦਿੱਤਾ ਗਿਆ ਸੀ, ਮੂਸਾ ਦੁਆਰਾ ਅੱਗੇ ਨੂੰ ਚੱਲਣ ਦਾ ਹੁਕਮ ਦਿੱਤਾ ਗਿਆ ਸੀ ਅਤੇ ਹੋਬਾਬ ਦੁਆਰਾ ਮਾਰਗ-ਦਰਸ਼ਨ ਕੀਤਾ ਗਿਆ ਸੀ (ਜਾਂ, ਉਸ ਦੀ ਗੈਰ-ਮੌਜੂਦਗੀ ਵਿਚ, ਕਿਸੇ ਹੋਰ ਮਨੁੱਖ ਦੁਆਰਾ ਮਾਰਗ-ਦਰਸ਼ਨ ਕੀਤਾ ਗਿਆ ਸੀ) ਅਤੇ ਨੇਮ ਦੀ ਸੰਦੂਕ ਦੁਆਰਾ ਅਗਵਾਈ ਕੀਤੀ ਗਈ ਸੀ। ਇਨ੍ਹਾਂ ਕਥਨਾਂ ਨੂੰ ਪੂਰਕ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ। ਇਹ ਸਾਰੀ ਪ੍ਰਕਿਰਿਆ ਕੁਝ ਇਸ ਤਰ੍ਹਾਂ ਦੀ ਦਿਖਦੀ ਹੋਵੇਗੀ:

ਸਭ ਤੋਂ ਪਹਿਲਾਂ, ਬੱਦਲ ਹਿੱਲਿਆ, ਜੋ ਇਸ ਗੱਲ ਦਾ ਇਸ਼ਾਰਾ ਦਿੰਦਾ ਸੀ ਕਿ ਇਹ ਇਸਰਾਏਲੀਆਂ ਦੇ ਲਈ ਜਾਣ ਦੇ ਲਈ ਤਿਆਰੀ ਕਰਨ ਦਾ ਸਮਾਂ ਸੀ।

ਦਿੱਸਣ ਵਾਲੇ ਇਸ਼ਾਰੇ ਦੇ ਨਾਲ ਸੁਣਨ ਵਾਲੇ ਇਸ਼ਾਰੇ ਨੂੰ ਜੋੜਦਿਆਂ, ਮੂਸਾ ਦੇ ਹੁਕਮ ਤੇ ਤੁਰ੍ਹੀਆਂ ਫੂਕੀਆਂ ਗਈਆਂ। ਇਨ੍ਹਾਂ ਇਸ਼ਾਰਿਆਂ ਤੇ ਲੋਕਾਂ ਨੇ ਡੇਰੇ ਨੂੰ ਤੋੜਨਾ ਸ਼ੁਰੂ ਕਰ ਦਿੱਤਾ।

ਵਕਫ਼ੇ ਤੋਂ ਬਾਅਦ, ਜਦੋਂ ਲੋਕਾਂ ਨੇ ਕੂਚ ਕਰਨ ਦੀ ਤਿਆਰੀ ਕਰ ਲਈ, ਸੰਦੂਕ ਨੂੰ ਚੁੱਕਿਆ ਗਿਆ, ਜਦੋਂ ਮੂਸਾ ਨੇ ਰਸਮੀ ਪ੍ਰਾਰਥਨਾ ਕੀਤੀ। ਜਾਜਕ ਸੰਦੂਕ ਨੂੰ ਚੁੱਕ ਕੇ ਬੱਦਲ ਦੀ ਵੱਲ ਲੈ ਗਏ ਤਾਂ ਜੋ ਇਹ ਜਲੂਸ ਦੀ ਅਗਵਾਈ ਕਰੇ।

ਲਗਾਤਾਰ ਤੁਰ੍ਹੀਆਂ ਦੇ ਫੂਕੇ ਜਾਣ ਨਾਲ, ਗੋਤ ਇਕ ਥਾਂ ਇਕੱਠੇ ਹੋ ਗਏ। ਫਿਰ ਪੂਰੀ ਕਤਾਰ ਨੇ ਹੌਲੀ-ਹੌਲੀ ਇਸ ਦੇ ਕੂਚ ਨੂੰ ਸ਼ੁਰੂ ਕੀਤਾ, ਸੰਦੂਕ ਦੇ ਪਿੱਛੇ-ਪਿੱਛੇ ਚੱਲ ਕੇ ਜੋ ਬੱਦਲ ਦੇ ਪਿੱਛੇ-ਪਿੱਛੇ ਚੱਲ ਰਿਹਾ ਸੀ।

ਜਿਵੇਂ-ਜਿਵੇਂ ਸਫ਼ਰ ਅੱਗੇ ਵਧਦਾ ਗਿਆ, ਹੋਬਾਬ ਨੇ (ਜਾਂ ਕਿਸੇ ਹੋਰ ਮਨੁੱਖ ਜਾਂ ਹੋਰ ਮਨੁੱਖਾਂ ਨੇ) ਸਭ ਤੋਂ ਸੌਖਾ ਰਾਹ ਲੱਭਾ, ਪਾਣੀ ਲੱਭਾ ਅਤੇ ਸੰਭਾਵਿਤ ਦੁਸ਼ਮਣਾਂ ਤੋਂ ਚੌਕਸੀ ਕੀਤੀ।

## ਪ੍ਰਾਸੰਗਿਕਤਾ

### ਆਤਮਿਕ ਜੁੱਧਾਂ ਦੇ ਲਈ ਤਿਆਰੀ ਕਰਨਾ (1:1-10:10)

ਮਸੀਹੀ ਲੋਕ ਸੰਸਾਰ ਦੀਆਂ ਬੁਰੀਆਂ ਸ਼ਕਤੀਆਂ ਦੇ ਵਿਰੁੱਧ ਇਕ ਜੰਗ ਲੜ ਰਹੇ ਹਨ। ਅਸੀਂ ਉਸ ਲੜਾਈ ਵਿਚ ਸ਼ਾਮਲ ਹੋਣਾ ਹੈ ਜਿਸ ਨੂੰ 2 ਤਿਮੋਥਿਉਸ 4:7 ਵਿਚ ਪੌਲੁਸ ਦੇ ਸ਼ਬਦਾਂ ਵਿਚ ਪਰਗਟ ਕੀਤਾ ਗਿਆ ਹੈ: "ਮੈਂ ਅੱਛੀ ਲੜਾਈ ਲੜ ਚੁੱਕਾ ਹਾਂ।"

ਜਦੋਂ ਇਸਰਾਏਲੀ ਸੀਨਈ ਨੂੰ ਛੱਡ ਕੇ ਵਾਅਦੇ ਦੇ ਦੇਸ ਵੱਲ ਨੂੰ ਗਏ, ਉਨ੍ਹਾਂ ਨੇ ਜੰਗ ਦੀ ਉਮੀਦ ਕੀਤੀ ਸੀ। ਸਗੋਂ ਜਦੋਂ ਉਹ ਮਿਸਰ ਨੂੰ ਛੱਡ ਰਹੇ ਸਨ, ਉਨ੍ਹਾਂ ਨੇ ਤਦ ਵੀ ਜੰਗ ਦੀ ਉਮੀਦ ਕੀਤੀ ਸੀ (ਕੂਚ 13:17, 18)। ਸੀਨਈ ਨੂੰ ਜਾਂਦਿਆਂ, ਇਸਰਾਏਲੀਆਂ ਤੇ ਹਮਲਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਅਮਾਲੇਕ ਵਿਰੁੱਧ ਲੜਨਾ ਪਿਆ ਸੀ (ਕੂਚ 17:6-16)। ਜਦੋਂ ਪਰਮੇਸ਼ੁਰ ਨੇ ਲੋਕਾਂ ਦੀ ਗਿਣਤੀ ਕੀਤੀ, ਉਸ ਨੇ ਮੂਸਾ ਨੂੰ ਉਨ੍ਹਾਂ ਨਰਾਂ ਦੀ ਗਿਣਤੀ ਕਰਨ ਦੇ ਲਈ ਆਖਿਆ ਜਿਹੜੇ "ਜੁੱਧ ਲਈ ਨਿੱਕਲਦੇ ਹਨ" (ਗਿਣਤੀ 1:2, 3)। ਗਿਣਤੀ 10:6 ਆਖਦੀ ਹੈ, "ਜਦ ਤੁਸੀਂ ਆਪਣੇ ਦੇਸ ਵਿੱਚ ਆਪਣੇ ਵੈਰੀਆਂ ਦੇ ਵਿਰੁੱਧ ਜਿਹੜੇ ਤੁਹਾਨੂੰ ਸਤਾਉਂਦੇ ਹਨ ਜੁੱਧ ਕਰਨ ਲਈ ਜਾਓ ਤਾਂ ਤੁਸੀਂ ਤੁਰ੍ਹੀਆਂ ਨੂੰ ਸਾਹ ਖਿੱਚ ਕੇ ਫੂਕੋ।"

ਗਿਣਤੀ ਦੀ ਪੁਸਤਕ ਵਿਚ ਕਈ ਜੁੱਧਾਂ ਬਾਰੇ ਲਿਖਿਆ ਹੋਇਆ ਹੈ। 13 ਅਤੇ 14 ਅਧਿਆਵਾਂ ਵਿਚ, ਲੋਕਾਂ ਨੇ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਦੇਸ ਵਿਚ ਦਾਖ਼ਲ ਹੋਣ ਤੋਂ ਇਨਕਾਰ ਕਰ ਦਿੱਤਾ ਪਰ ਫਿਰ ਆਪਣੇ ਵੈਰੀਆਂ ਨਾਲ ਲੜਨ ਦੀ ਕੋਸ਼ਿਸ਼ ਕੀਤੀ ਜਿਸ ਦੇ ਨਤੀਜੇ ਬਹੁਤ ਹੀ ਵਿਨਾਸ਼ਕਾਰੀ ਹੋਏ (14:44, 45)। ਅਧਿਆਇ 21 ਅਨੁਸਾਰ, ਉਨ੍ਹਾਂ ਨੇ ਅਰਾਦ ਦੇ ਕਨਾਨੀ ਰਾਜਾ ਨੂੰ ਹਰਾਇਆ (21:1-3) ਅਤੇ ਅਮੋਰੀਆ ਦੇ ਰਾਜੇ ਸੀਹੋਨ ਅਤੇ ਬਾਸ਼ਾਨ ਦੇ ਰਾਜਾ ਓਗ ਨੂੰ ਹਰਾਇਆ (21:21-35)। ਅਧਿਆਇ 31 ਵਿਚ, ਇਕ ਦੰਡਕਾਰੀ ਮੁਹਿੰਮ ਵਿਚ, ਉਨ੍ਹਾਂ ਨੇ ਮਿਦਯਾਨੀਆਂ ਨੂੰ ਤਬਾਹ ਕਰ ਸੁੱਟਿਆ (31:1-12)। ਆਖ਼ਰਕਾਰ, ਯਹੋਸ਼ੁਆ ਦੀ ਅਗਵਾਈ ਹੇਠ, ਇਸਰਾਏਲੀਆਂ ਨੇ ਕਨਾਨ ਦੇ ਵਾਸੀਆਂ ਨਾਲ ਲੜਾਈ ਕੀਤੀ ਅਤੇ ਵਾਅਦੇ ਦੇ ਦੇਸ ਉੱਤੇ ਫਤਹਿ ਪਾ ਲਈ।

ਗਿਣਤੀ ਦੀ ਪੁਸਤਕ ਦੇ ਪਹਿਲੇ ਦਸ ਅਧਿਆਵਾਂ ਨੂੰ ਜੁੱਧ ਦੇ ਸਮਿਆਂ ਲਈ ਪਰਮੇਸ਼ੁਰ ਦੀ ਪਰਜਾ ਦੀ ਤਿਆਰੀ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਉਨ੍ਹਾਂ ਦੀਆਂ ਤਿਆਰੀਆਂ ਵਿਚ ਅਜਿਹੇ ਬਹੁਤ ਸਾਰੇ ਸੰਕੇਤ ਮਿਲਦੇ ਹਨ ਕਿ ਸਾਨੂੰ ਕਿਵੇਂ ਉਨ੍ਹਾਂ ਆਤਮਿਕ ਜੁੱਧਾਂ ਨੂੰ ਲੜਨ ਦੇ ਲਈ ਆਪਣੇ ਆਪ ਨੂੰ ਤਿਆਰ ਕਰਨਾ ਚਾਹੀਦਾ ਹੈ ਜਿਨ੍ਹਾਂ ਦਾ ਅੱਜ ਅਸੀਂ ਸਾਹਮਣਾ ਕਰਦੇ ਹਾਂ।

*ਸਾਨੂੰ ਸੰਗਠਤ ਹੋਣਾ ਚਾਹੀਦਾ ਹੈ।* ਜੁੱਧ ਦੇ ਲਈ ਇਸਰਾਏਲ ਦੇ ਸੰਗਠਨ ਦੀ ਯੋਜਨਾ ਅਤੇ ਤਿਆਰੀ ਵਿਚ ਤਿੰਨ ਪੜਾਅ ਸ਼ਾਮਲ ਹਨ। ਉਨ੍ਹਾਂ ਨੂੰ ਦਿੱਤੀਆਂ ਗਈਆਂ ਪਰਮੇਸ਼ੁਰ ਦੀਆਂ ਹਦਾਇਤਾਂ ਤੋਂ ਅਸੀਂ ਕੁਝ ਮੂਲ ਸਿਧਾਂਤਾਂ ਨੂੰ ਸਿਖ ਸਕਦੇ ਹਾਂ।

1. ਗਿਣਤੀ। ਕੋਈ ਵੀ ਸੈਨਾਪਤੀ ਜਿਹੜਾ ਜੁੱਧ ਲੜਨ ਦੀ ਯੋਜਨਾ ਬਣਾ ਰਿਹਾ ਹੈ ਉਸ ਨੂੰ ਇਹ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਉਸ ਨੇ ਆਪਣੇ ਸਿਪਾਹੀਆਂ ਨੂੰ ਕਿਵੇਂ ਤੈਨਾਤ ਕਰਨਾ ਹੈ। ਇਸ ਉਦੇਸ਼ ਦੇ ਲਈ, ਇਸਰਾਏਲੀ ਸੈਨਾ ਦੀ ਗਿਣਤੀ ਕਰਨੀ ਜਰੂਰੀ ਸੀ, ਇਸ ਲਈ ਮਰਦਮਸ਼ੁਮਾਰੀ ਕੀਤੀ ਗਈ ਸੀ। ਅਧਿਆਇ 1 ਵਿਚ ਉਹ ਗਿਣਤੀ ਦਿੱਤੀ ਗਈ ਹੈ। ਉਹ ਸਾਰੇ ਮਨੁੱਖ ਜਿਹੜੇ ਵੀਹ ਵਰਿਹਾਂ ਦੇ ਜਾਂ ਉੱਪਰ ਦੇ ਸਨ, ਜਿਹੜੇ "ਜੁੱਧ ਲੜਨ ਦੇ ਯੋਗ ਸਨ" ਉਨ੍ਹਾਂ ਨੂੰ ਇਸ ਗਿਣਤੀ ਵਿਚ ਸ਼ਾਮਲ ਕੀਤਾ ਗਿਆ ਸੀ (1:1-46)। ਇਹ ਮਰਦਮਸ਼ੁਮਾਰੀ ਇਹ ਦੱਸਦੀ ਸੀ ਕਿ ਇਸਰਾਏਲ ਵਿਚ 600,000 ਤੋਂ ਵੱਧ ਪੁਰਖ ਸਨ ਜਿਹੜੇ ਜੁੱਧ ਲੜਨ ਦੇ ਲਈ ਤਿਆਰ ਸਨ।

2. ਖ਼ਾਸ ਵਿਅਕਤੀਆਂ ਨੂੰ ਤਿਆਰ ਕਰਨਾ। ਇਕ ਸੈਨਾ ਦਾ ਸੰਗਠਨ ਇਹ ਮੰਗ ਕਰਦਾ ਹੈ ਕਿ ਉਹ ਜਿਨ੍ਹਾਂ ਨੂੰ ਖ਼ਾਸ ਜ਼ਿਮੇਵਾਰੀਆਂ ਦਿੱਤੀਆਂ ਗਈਆਂ ਹਨ ਉਨ੍ਹਾਂ ਨੂੰ ਉਨ੍ਹਾਂ ਦੇ ਕੰਮਾਂ ਦੇ ਲਈ ਤਿਆਰ ਕੀਤੇ ਜਾਣਾ ਚਾਹੀਦੇ ਹੈ। ਅੱਜ ਦੀ ਸੈਨਾ ਦੇ ਮਾਮਲੇ ਵਿਚ, ਬਸ਼ਰਤੇ ਕਿ ਖ਼ਾਸ ਵਿਅਕਤੀਆਂ ਵਿਚ ਨਿਯੁਕਤ ਕੀਤੇ ਹੋਏ ਅਫ਼ਸਰ ਸ਼ਾਮਲ ਹੋਣ; ਇਸ ਦੇ ਵਿਚ ਵੱਖ-ਵੱਖ ਤਰ੍ਹਾਂ ਦੀਆਂ ਫੌਜਾਂ ਨੂੰ ਇਸਤੇਮਾਲ ਕਰਨਾ ਵੀ ਸ਼ਾਮਲ ਹੋ ਸਕਦਾ ਹੈ। ਇਸਰਾਏਲ ਦੀ ਸੈਨਾ ਵਿਚ, ਜਿਨ੍ਹਾਂ ਨੂੰ "ਖ਼ਾਸ ਜ਼ਿੰਮੇਵਾਰੀਆਂ" ਦਿੱਤੀਆਂ ਗਈਆਂ ਸਨ ਉਹ ਲੇਵੀ ਅਤੇ ਜਾਜਕ ਸਨ। ਗਿਣਤੀ ਦੀ ਪੁਸਤਕ ਦੇ ਸ਼ੁਰੂਆਤੀ ਅਧਿਆਇ ਦੱਸਦੇ ਹਨ ਕਿ ਲੇਵੀਆਂ ਦੀ ਗਿਣਤੀ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਦੱਸੀਆਂ ਗਈਆਂ ਸਨ। ਲੇਵੀਆਂ ਨੇ ਡੇਹਰੇ ਦੀ ਦੇਖਭਾਲ ਅਤੇ ਰਾਖੀ ਕਰਨੀ ਸੀ ਅਤੇ ਜੇਕਰ ਸਰਲ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਉਨ੍ਹਾਂ ਨੇ ਜਾਜਕਾਂ ਦੀ ਮਦਦ ਕਰਨੀ ਸੀ (1:47-54; 3:1-39; 4:1-49)।

3. ਜੁੱਧਨੀਤਕ ਯੋਜਨਾ। ਸੰਗਠਨ ਦਾ ਇਕ ਹੋਰ ਪਹਿਲੂ ਇਹ ਯੋਜਨਾਵਾਂ ਬਣਾਉਣਾ ਹੈ ਕਿ ਸੈਨਾ ਨੇ ਕਿਵੇਂ ਅੱਗੇ ਵਧਣਾ ਹੈ। ਕੋਈ ਵੀ ਸੈਨਾ ਜੋ ਜੁੱਧ ਵਿਚ ਸਫ਼ਲ ਹੋਣ ਦੀ ਆਸ ਕਰਦੀ ਹੈ ਉਸ ਦੇ ਕੋਲ ਇਸ ਦੀਆਂ ਫੌਜਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਲੈ ਕੇ ਜਾਣ ਅਤੇ ਉਨ੍ਹਾਂ ਫੌਜਾਂ ਨੂੰ

ਤੈਨਾਤ ਕਰਨ ਦੀ ਯੋਜਨਾ ਹੋਣੀ ਚਾਹੀਦੀ ਹੈ। ਇਸਰਾਏਲ ਦੇ ਮਾਮਲੇ ਵਿਚ, ਪਰਮੇਸ਼ੁਰ ਨੇ ਉਨ੍ਹਾਂ ਨੂੰ ਉਸ ਤਰਤੀਬ ਦੇ ਬਾਰੇ ਹਦਾਇਤਾਂ ਦਿੱਤੀਆਂ ਸਨ ਜਿਸ ਤਰਤੀਬ ਵਿਚ ਇਸਰਾਏਲ ਦੀਆਂ ਫੌਜਾਂ ਨੇ ਅੱਗੇ ਵਧਣਾ ਸੀ ਅਤੇ ਉਨ੍ਹਾਂ ਨੇ ਕਿਵੇਂ ਡੇਰਾ ਲਾਉਣਾ ਸੀ (2:1-34)।

ਪ੍ਰਭੂ ਦੀ ਕਲੀਸੀਆ ਇਕ ਸੰਗਠਨ ਹੋਣਾ ਚਾਹੀਦਾ ਹੈ। ਮਸੀਹ ਕਲੀਸੀਆ ਦਾ ਸਿਰ ਹੈ, ਪਰ ਹਰੇਕ ਸਥਾਨਕ ਮੰਡਲੀ ਖੁਦਮੁਖਤਿਆਰ ਹੈ, ਜਿਸ ਦੀ ਨਿਗਰਾਨੀ ਐਲਡਰਾਂ ਅਤੇ ਸੇਵਾ ਡੀਕਨਾਂ ਦੁਆਰਾ ਕੀਤੀ ਜਾਂਦੀ ਹੈ। ਹੋਰ "ਖ਼ਾਸ ਵਿਅਕਤੀ," ਜਿਵੇਂ ਕਿ ਪਰਚਾਰਕ ਅਤੇ ਉਪਦੇਸ਼ਕ, ਸਥਾਨਕ ਕਲੀਸੀਆਂ ਦੀ ਇਸ ਦੇ ਉਦੇਸ਼ਾਂ ਨੂੰ ਪੂਰਾ ਕਰਨ ਵਿਚ ਮਦਦ ਕਰਦੇ ਹਨ। ਸੱਚਮੁੱਚ, ਸਾਰੇ ਮੈਂਬਰ ਉਨ੍ਹਾਂ ਦੀਆਂ ਦਾਤਾਂ ਨੂੰ ਇਸਤੇਮਾਲ ਕਰਕੇ ਮੰਡਲੀ ਦੀ ਉਸਾਰੀ ਕਰਨ ਵਿਚ ਮਦਦ ਕਰਨ ਦੇ ਲਈ ਜ਼ਿੰਮੇਵਾਰ ਹਨ (ਵੇਖੋ 1 ਕੁਰਿੰਥੀਆਂ 12)। ਇਸ ਤੋਂ ਇਲਾਵਾ, ਯੋਜਨਾ ਅਤੇ ਸੰਗਠਨ ਇਹ ਨਿਸ਼ਚਤ ਕਰਨ ਦੇ ਲਈ ਜਰੂਰੀ ਹਨ ਕਿ ਕੰਮ ਪੂਰਾ ਹੋ ਰਿਹਾ ਹੈ (ਵੇਖੋ ਰਸੂਲਾਂ ਦੇ ਕਰਤੱਬ 6)। ਨਿਸ਼ਚਤ ਤੌਰ ਤੇ, ਜਿਹੜੇ ਆਗੂ ਹਨ ਉਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ "ਪ੍ਰਭੂ ਦੀ ਸੈਨਾ" ਵਿਚ ਕੌਣ-ਕੌਣ ਹੈ ਅਤੇ ਸੈਨਾ ਵਿਚ ਕੁੱਲ ਕਿੰਨੇ ਮੈਂਬਰ ਹਨ। ਇਕ ਭਾਵ ਵਿਚ, ਸਾਰੇ ਮਸੀਹੀ ਲੋਕਾਂ ਨੂੰ ਨਜ਼ੀਰਾਂ ਵਰਗੇ ਹੋਣਾ ਚਾਹੀਦਾ ਹੈ ਜਿਹੜੇ ਪੂਰੀ ਤਰ੍ਹਾਂ ਪ੍ਰਭੂ ਦੇ ਲਈ ਸਮਰਪਿਤ ਹਨ - ਸਿਰਫ ਥੋੜ੍ਹੇ ਸਮੇਂ ਦੇ ਲਈ ਨਹੀਂ (ਜਿਵੇਂ ਕਿ ਨਜ਼ੀਰਾਂ ਦੇ ਲਈ ਨਿਯਮ ਸੀ) ਪਰ ਜੀਵਨਭਰ ਦੇ ਲਈ।

*ਸਾਨੂੰ ਸਾਰੇ ਸ਼ਸਤ੍ਰਾਂ-ਬਸਤ੍ਰਾਂ ਨਾਲ ਲੈਸ ਹੋਣਾ ਚਾਹੀਦਾ ਹੈ।* ਜੁੱਧ ਦੇ ਲਈ ਸੈਨਾ ਨੂੰ ਤਿਆਰ ਕਰਨ ਵਿਚ ਇਹ ਨਿਸ਼ਚਤ ਕਰਨਾ ਸ਼ਾਮਲ ਹੈ ਕਿ ਹਰ ਸਿਪਾਹੀ ਕੋਲ ਜਰੂਰੀ ਹਥਿਆਰ ਅਤੇ ਸਾਰੇ ਸ਼ਸਤ੍ਰ-ਬਸਤ੍ਰ ਹੋਣੇ ਚਾਹੀਦੇ ਹਨ। ਇਸਰਾਏਲੀਆਂ ਦੇ ਮਾਮਲੇ ਵਿਚ, ਕਿਸੇ ਹੋਰ ਚੀਜ਼ ਦੀ ਵੀ ਲੋੜ ਸੀ। ਕੌਮ ਨੂੰ ਆਪਣੇ ਦੁਸ਼ਮਣਾਂ ਨੂੰ ਹਰਾਉਣ ਦੇ ਲਈ ਜਿਸ ਚੀਜ਼ ਦੀ ਲੋੜ ਸੀ ਉਹ ਸੀ ਪਰਮੇਸ਼ੁਰ ਦੀ ਸਹਾਇਤਾ। ਪਰਮੇਸ਼ੁਰ ਦੇ ਇਸਰਾਏਲੀਆਂ ਦੇ ਲਈ ਲਗਾਤਾਰ ਲੜਦੇ ਰਹਿਣ ਦੇ ਲਈ, ਉਸ ਨੇ ਹੁਕਮ ਦਿੱਤਾ ਸੀ ਕਿ ਲੋਕ ਪਵਿੱਤਰਤਾਈ ਨਾਲ ਸੱਜਣ ਜਾਂ ਤਿਆਰ ਰਹਿਣ। ਇਸਰਾਏਲੀ ਲੋਕ ਇਕ "ਪਵਿੱਤ੍ਰ ਕੌਮ" ਸਨ (ਕੂਚ 19:6)। ਉਨ੍ਹਾਂ ਨੇ ਆਪਣੀ ਪਵਿੱਤਰਤਾਈ - ਉਨ੍ਹਾਂ ਦੀ ਸ਼ੁੱਧਤਾ, ਵੱਖਰੇਪਣ ਦੇ ਰੁਤਬੇ ਨੂੰ ਕਾਇਮ ਰੱਖਣਾ ਸੀ। ਗਿਣਤੀ 1-10 ਅਧਿਆਵਾਂ ਵਿਚ ਇਸਰਾਏਲੀਆਂ ਦੀ ਪਵਿੱਤਰਤਾਈ ਨੂੰ ਬਰਕਰਾਰ ਰੱਖਣਾ ਇਕ ਮੁੱਖ ਚਿੰਤਾ ਹੈ, ਜਦੋਂ ਇਸਰਾਏਲ ਦੇ ਸੈਨਾ ਨੇ ਬਾਹਰ ਨਿੱਕਲਣ ਦੀ ਤਿਆਰੀ ਕੀਤੀ ਸੀ। ਇਸ ਪਵਿੱਤਰਤਾਈ ਨੂੰ ਬਰਕਰਾਰ ਰੱਖਣ ਦੇ ਲਈ, ਇਸਰਾਏਲੀਆਂ ਨੂੰ ਕੁਝ ਹੁਕਮਾਂ ਦੀ ਪਾਲਣਾ ਕਰਨੀ ਪੈਣੀ ਸੀ।

1. ਇਸਰਾਏਲੀਆਂ ਨੂੰ ਉਨ੍ਹਾਂ ਦੀ ਪਵਿੱਤਰਤਾਈ ਨੂੰ ਬਰਕਰਾਰ ਰੱਖਣ ਦੇ ਲਈ ਕੁਝ ਕਦਮ ਉਠਾਉਣੇ ਪੈਣੇ ਸੀ (5:1-4)। ਉਨ੍ਹਾਂ ਨੇ ਡੇਰੇ ਵਿੱਚੋਂ ਅਸ਼ੁੱਧ ਵਿਅਕਤੀ ਨੂੰ ਬਾਹਰ ਕੱਢਣਾ ਸੀ।

2. ਨਿਰੰਤਰ ਸ਼ੁੱਧਤਾ ਜਾਂ ਪਵਿੱਤਰਤਾਈ ਦਾ ਪ੍ਰਬੰਧ ਕਰਨ ਦੇ ਲਈ, ਭੇਟਾਂ ਦੀ ਵਿਵਸਥਾ ਸਥਾਪਤ ਕੀਤੀ ਗਈ ਸੀ (5:5-10)। ਇਸ ਦੇ ਜ਼ਰੀਏ, ਲੋਕ ਮਾਫ਼ੀ ਪ੍ਰਾਪਤ ਕਰ ਸਕਦੇ ਸਨ।

3. ਡੇਰੇ ਦੇ ਅੰਦਰ ਸ਼ੁੱਧਤਾ ਨੂੰ ਬਰਕਰਾਰ ਰੱਖਣ ਦੀ ਚਿੰਤਾ ਇੰਨੀ ਗੰਭੀਰ ਸੀ ਕਿ ਤੀਵੀਂ ਦਾ ਕੁਰਾਹੀ ਪੈਣਾ ਜਾਂ ਬੇਈਮਾਨੀ ਕਰਨ ਦਾ ਸ਼ੱਕ ਵੀ ਮਹੱਤਵਪੂਰਣ ਸੀ। ਪਰਮੇਸ਼ੁਰ ਨੇ ਇਹ ਫ਼ੈਸਲਾ ਕਰਨ ਦਾ ਇਕ ਤਰੀਕਾ ਵੀ ਦਿੱਤਾ ਕਿ ਉਹ ਤੀਵੀਂ ਜਿਸ ਤੇ ਵਿਭਚਾਰਨ ਹੋਣ ਦਾ ਸ਼ੱਕ ਕੀਤਾ ਗਿਆ ਸੀ ਸੱਚਮੁੱਚ ਦੋਸ਼ੀ ਸੀ ਜਾਂ ਨਹੀਂ (5:11-31)।

ਇਨ੍ਹਾਂ ਸਾਰੀਆਂ ਵਿਧੀਆਂ ਦੇ ਜ਼ਰੀਏ, ਇਸਰਾਏਲ ਪਵਿੱਤਰਤਾਈ ਵਿਚ "ਤਿਆਰ" ਸੀ। ਯਹੋਵਾਹ ਨਾਲ ਇਸ ਦੇ ਖ਼ਾਸ ਰਿਸ਼ਤੇ ਦਾ ਅਰਥ ਇਹ ਸੀ ਕਿ ਇਹ ਜੁੱਧ ਦੇ ਲਈ ਤਿਆਰ ਸੀ।

ਇਸਰਾਏਲ ਦੇ ਵਾਂਗ, ਅਸੀਂ ਵੀ “ਜੁੱਧ ਦੇ ਲਈ ਤਿਆਰ” ਰਹਿਣਾ ਹੈ। ਅਫ਼ਸੀਆਂ 6:10-17 ਵਿਚ ਪੌਲੁਸ ਨੇ ਦੱਸਿਆ ਹੈ ਕਿ ਕਿਵੇਂ ਅਸੀਂ ਜੁੱਧ ਦੇ ਲਈ ਤਿਆਰੀ ਕਰਨੀ ਹੈ:

> ਮੁਕਦੀ ਗੱਲ, ਪ੍ਰਭੂ ਵਿੱਚ ਅਤੇ ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ ਹੋਵੋ! ਪਰਮੇਸ਼ੁਰ ਦੇ ਸਾਰੇ ਸ਼ਸਤ੍ਰ ਬਸਤ੍ਰ ਧਾਰੋ ਤਾਂ ਜੋ ਤੁਸੀਂ ਸ਼ਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ ਖਲੋ ਸੱਕੋ ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖ਼ਤਿਆਰਾਂ, ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ। ਇਸ ਕਾਰਨ ਤੁਸੀਂ ਪਰਮੇਸ਼ੁਰ ਦੇ ਸਾਰੇ ਸ਼ਸਤ੍ਰ ਬਸਤ੍ਰ ਲੈ ਲਵੋ ਭਈ ਤੁਸੀਂ ਬੁਰੇ ਦਿਨ ਵਿੱਚ ਸਾਹਮਣਾ ਕਰ ਸੱਕੋ ਅਤੇ ਸੱਭੋ ਕੁਝ ਮੁਕਾ ਕੇ ਖਲੋ ਸੱਕੋ। ਸੋ ਤੁਸੀਂ ਆਪਣੀ ਕਮਰ ਸਚਿਆਈ ਨਾਲ ਕੱਸ ਕੇ ਅਤੇ ਧਰਮ ਦੀ ਸੰਜੋ ਪਹਿਨ ਕੇ ਅਤੇ ਮਿਲਾਪ ਦੀ ਖੁਸ਼ ਖਬਰੀ ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀਂ ਪਾ ਕੇ ਖਲੋ ਜਾਓ! ਓਹਨਾਂ ਸਭਨਾਂ ਸਣੇ ਨਿਹਚਾ ਦੀ ਢਾਲ ਲਾਓ ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ ਅਤੇ ਮੁਕਤੀ ਦਾ ਟੋਪ ਅਤੇ ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ।

ਜਿਵੇਂ ਕਿ ਇਸਰਾਏਲੀਆਂ ਦੇ ਨਾਲ ਸੀ, ਪਰਮੇਸ਼ੁਰ ਹੀ ਉਹ ਹੈ ਜਿਹੜਾ ਸਾਨੂੰ ਦੁਸ਼ਮਣ ਨਾਲ ਲੜਨ ਵਿਚ ਸਾਡੀ ਮਦਦ ਕਰਦਾ ਹੈ ਅਤੇ ਸਾਨੂੰ ਸਾਡੇ ਦੁਸ਼ਮਣਾਂ ਦੇ ਹਮਲਿਆਂ ਤੋਂ ਬਚਾਉਂਦਾ ਹੈ। ਜੇਕਰ ਅਸੀਂ ਨਿਸ਼ਚਤ ਹੋਣਾ ਚਾਹੁੰਦੇ ਹਾਂ ਕਿ ਪਰਮੇਸ਼ੁਰ ਸਾਡੇ ਵੱਲ ਹੈ, ਤਾਂ ਸਾਨੂੰ ਸਹੀ “ਵਰਦੀ” ਪਾਉਣੀ ਚਾਹੀਦੀ ਹੈ। ਸਾਨੂੰ ਬਪਤਿਸਮੇ ਵਿਚ “ਮਸੀਹ ਨੂੰ ਪਹਿਨਣਾ ਚਾਹੀਦਾ ਹੈ” (ਗਲਾਤੀਆਂ 3:27)। ਫਿਰ ਸਾਨੂੰ ਚਾਹੀਦਾ ਹੈ ਕਿ ਅਸੀਂ “... ਪਵਿੱਤਰਤਾਈ ਦਾ ਪਿੱਛਾ ਕਰੀਏ ਜਿਹ ਦੇ ਬਿਨਾ ਕੋਈ ਪ੍ਰਭੂ ਨੂੰ ਨਾ ਵੇਖੇਗਾ” (ਇਬਰਾਨੀਆਂ 12:14; RSV; ਵੇਖੋ 1 ਪਤਰਸ 2:9)।

*ਸਾਡੇ ਕੋਲ ਇਕ ਸੁਰੱਖਿਅਤ ਅਤੇ ਬਰਕਰਾਰ ਕੀਤੀ ਹੋਈ ਵਫ਼ਾਦਾਰੀ ਹੋਣੀ ਚਾਹੀਦੀ ਹੈ।* ਜੁੱਧ ਦੇ ਲਈ ਇਸਰਾਏਲੀਆਂ ਦੀ ਤਿਆਰੀ ਵਿਚ, ਜਿਵੇਂ ਕਿ 1:1-10:10 ਵਿਚ ਦਰਸਾਇਆ ਗਿਆ ਹੈ, ਇਹ ਨਿਸ਼ਚਤ ਕਰਨਾ ਸੀ ਕਿ ਲੋਕ ਇਹ ਸਮਝਣ ਕਿ ਪਰਮੇਸ਼ੁਰ ਉਨ੍ਹਾਂ ਦਾ ਸੈਨਾਪਤੀ ਸੀ ਅਤੇ ਉਨ੍ਹਾਂ ਦੇ ਕੌਮੀ ਜੀਵਨ ਦੇ ਕੇਂਦਰ ਵਿਚ ਸੀ। ਇਹ ਉਦੇਸ਼ ਇਸਰਾਏਲ ਦੀਆਂ ਧਾਰਮਿਕ ਰੀਤਾਂ ਦੇ ਰਾਹੀਂ ਪੂਰਾ ਹੋਇਆ ਸੀ, ਜਿਨ੍ਹਾਂ ਵਿਚ ਇਸਰਾਏਲੀਆਂ ਦੇ ਜੀਵਨ ਵਿਚ ਪਰਮੇਸ਼ੁਰ ਦੀ ਭੂਮਿਕਾ ਤੇ ਜ਼ੋਰ ਦਿੱਤਾ ਗਿਆ ਸੀ।

ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਸਾਡੇ ਜੀਵਨਾਂ ਦਾ ਵੀ ਕੇਂਦਰ ਹੈ। ਉਹ ਸਾਡਾ ਮੁੱਖ ਸੈਨਾਪਤੀ ਹੈ; ਅਸੀਂ ਉਸ ਦੇ ਤਾਬੇਦਾਰ ਰਹਿਣਾ ਹੈ। ਉਸ ਤੱਥ ਦੀ ਸਾਡੀ ਯਾਦ-ਦਹਾਨੀ ਕੀ ਹੈ? ਸਾਡੀਆਂ ਜਨਤਕ ਬੰਦਗੀਆਂ ਸਭਾਵਾਂ ਨੂੰ ਸਾਨੂੰ ਪਰਮੇਸ਼ੁਰ ਨਾਲ ਸਾਡੇ ਰਿਸ਼ਤੇ ਤੇ ਕੇਂਦਰਿਤ ਰੱਖਣਾ ਚਾਹੀਦਾ ਹੈ। ਜਦੋਂ ਅਸੀਂ ਬੰਦਗੀ ਦੇ ਲਈ ਇਕੱਠੇ ਹੁੰਦੇ ਹਾਂ, ਅਸੀਂ ਪਰਮੇਸ਼ੁਰ ਦੀ ਉਸਤਤ ਦੇ ਗੀਤ ਗਾਉਂਦੇ ਹਾਂ ਅਤੇ ਉਸ ਦੇ ਅੱਗੇ ਪ੍ਰਾਰਥਨਾ ਕਰਦੇ ਹਾਂ। ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਦੇਣ ਦੁਆਰਾ ਸਾਡੇ ਲਈ ਜੋ ਕੀਤਾ ਹੈ ਉਸ ਨੂੰ ਚੇਤੇ ਰੱਖਣ ਦੇ ਲਈ ਅਸੀਂ ਪ੍ਰਭੂ ਭੋਜ ਵਿਚ ਸ਼ਰੀਕ ਹੁੰਦੇ ਹਾਂ। ਅਸੀਂ ਪਰਮੇਸ਼ੁਰ ਨੂੰ ਦਾਨ ਵੀ ਦਿੰਦੇ ਹਾਂ ਅਤੇ ਅਸੀਂ ਉਸ ਨੂੰ ਉਸ ਦੇ ਵਚਨ ਦੇ ਰਾਹੀਂ ਸਾਡੇ ਨਾਲ ਗੱਲ ਕਰਦਿਆਂ ਸੁਣਦੇ ਹਾਂ ਜਦੋਂ ਅਸੀਂ ਵਚਨਾਂ ਦੇ ਪੜ੍ਹੇ ਅਤੇ ਸੁਣੇ ਜਾਣ ਵੱਲ ਧਿਆਨ ਲਗਾਉਂਦੇ ਹਾਂ। ਜਦੋਂ ਕਲੀਸੀਆ ਬੰਦਗੀ ਦੇ ਲਈ ਇਕੱਠੀ ਹੁੰਦੀ ਹੈ ਉੱਥੇ ਨਿਰੰਤਰਤਾ ਹਾਜ਼ਰ ਹੋਣਾ ਸਾਨੂੰ ਉਸ ਦੇ ਬਾਰੇ ਚੇਤੇ ਕਰਾਉਂਦਾ ਹੈ ਜਿਸ ਦੇ ਲਈ ਅਸੀਂ ਲੜ ਰਹੇ ਹਾਂ।

*ਸਾਨੂੰ ਗੱਲਬਾਤ ਕਰਨੀ ਚਾਹੀਦੀ ਹੈ।* ਪੁਰਾਤਨ ਸਮੇਂ ਤੋਂ ਲੈ ਕੇ ਅੱਜ ਤੱਕ, ਸੈਨਾਂ ਨੂੰ ਗੱਲਬਾਤ ਦੇ ਪ੍ਰਭਾਵਸ਼ਾਲੀ ਵਸੀਲਿਆਂ ਦੀ ਲੋੜ ਪਈ ਹੈ। ਸੈਨਾਪਤੀ ਨੂੰ ਆਪਣੀ ਸੈਨਾ ਤੱਕ

ਆਪਣੇ ਹੁਕਮ ਪਹੁੰਚਾਉਣ ਦੇ ਯੋਗ ਹੋਣਾ ਚਾਹੀਦਾ ਹੈ ਅਤੇ ਸੈਨਾ ਨੂੰ ਆਪਣੇ ਅੱਗੇ ਵਧਣ ਦੀ ਸਥਿਤੀ ਬਾਰੇ ਸੈਨਾਪਤੀ ਨੂੰ ਦੱਸਣਾ ਚਾਹੀਦਾ ਹੈ।

ਜਦੋਂ ਇਸਰਾਏਲੀਆਂ ਨੇ ਜੁੱਧ ਦੇ ਲਈ ਤਿਆਰੀ ਕੀਤੀ ਤਾਂ ਉਸ ਦੇ ਗੱਲਬਾਤ ਦੇ ਕਿਹੜੇ ਸਾਧਨ ਮੌਜੂਦ ਸਨ? ਸਭ ਤੋਂ ਪਹਿਲਾਂ, ਪਰਮੇਸ਼ੁਰ ਅਤੇ ਉਸ ਦੇ ਹੁਕਮਾਂ ਦੁਆਰਾ ਇਸਰਾਏਲੀਆਂ ਦੀ ਅਗਵਾਈ ਕੀਤੀ ਗਈ ਸੀ:

> ਜਦ ਮੂਸਾ ਮੰਡਲੀ ਦੇ ਤੰਬੂ ਵਿੱਚ ਉਹ [ਪਰਮੇਸ਼ੁਰ] ਦੇ ਨਾਲ ਬੋਲਣ ਲਈ ਵੜਿਆ ਤਾਂ ਉਸ ਨੇ ਉਸ ਆਵਾਜ਼ ਨੂੰ ਪਰਸਾਚਿਤ ਦੇ ਸਰਪੋਸ਼ ਦੇ ਉੱਤੋਂ ਜਿਹੜਾ ਸਾਖੀ ਦੇ ਸੰਦੂਕ ਦੇ ਉੱਤੇ ਸੀ ਦੋਹਾਂ ਕਰੂਬੀਆਂ ਦੇ ਵਿੱਚੋਂ ਦੀ ਬੋਲਦੇ ਸੁਣਿਆ ਅਤੇ ਉਹ ਉਸ ਦੇ ਨਾਲ ਬੋਲਿਆ (7:89)।

ਇਸਰਾਏਲੀਆਂ ਦੇ ਲਈ ਗੱਲਬਾਤ ਦੇ ਵਾਧੂ ਤਰੀਕੇ ਉਪਲਬਧ ਸਨ। ਜਦੋਂ ਇਸਰਾਏਲੀ ਸਫ਼ਰ ਕਰਦੇ ਸਨ ਤਾਂ ਦਿਨ ਦੇ ਸਮੇਂ ਬੱਦਲ ਅਤੇ ਰਾਤ ਦੇ ਸਮੇਂ ਅੱਗ ਦਾ ਥੰਮ੍ਹ ਉਨ੍ਹਾਂ ਦੀ ਅਗਵਾਈ ਕਰਦੇ ਸਨ (9:15-23; ਵੇਖੋ ਕੂਚ 13:21, 22)। ਫਿਰ, 10:1-10 ਦੇ ਅਨੁਸਾਰ, ਪਰਮੇਸ਼ੁਰ ਨੇ ਸੈਨਾ ਦੇ ਮੁਖੀਆਂ ਨੂੰ ਉਨ੍ਹਾਂ ਦੀਆਂ ਸੈਨਾ ਤੱਕ ਆਪਣੇ ਸੰਦੇਸ਼ ਨੂੰ ਪਹੁੰਚਾਉਣ ਵਿਚ ਮਦਦ ਕਰਨ ਦੇ ਲਈ ਦੋ ਚਾਂਦੀ ਦੀਆਂ ਤੁਰ੍ਹੀਆਂ ਬਣਾਉਣ ਦੀ ਹਦਾਇਤ ਦਿੱਤੀ। ਇਹ ਤੁਰ੍ਹੀਆਂ (1) ਮੰਡਲੀ ਨੂੰ ਬੁਲਾਉਣ, (2) ਮੁਖੀਆਂ ਨੂੰ ਇਕੱਠਾ ਕਰਨ, (3) ਡੇਰੇ ਨੂੰ ਤੋੜਨ, (4) ਜੁੱਧ ਵਿਚ ਜਾਣ ਅਤੇ (5) ਪਰਬਾਂ ਨੂੰ ਮਨਾਉਣ ਦੇ ਲਈ ਵਰਤੀਆਂ ਜਾਂਦੀਆਂ ਸਨ। ਇਨ੍ਹਾਂ ਤਰੀਕਿਆਂ ਦੇ ਕਾਰਨ ਜੋ ਪਰਮੇਸ਼ੁਰ ਨੇ ਉਨ੍ਹਾਂ ਤੱਕ ਆਪਣੀਆਂ ਹਦਾਇਤਾਂ ਪਹੁੰਚਾਉਣ ਦੇ ਲਈ ਮੁਹੱਈਆ ਕੀਤੇ ਸਨ ਇਸਰਾਏਲੀ ਜੁੱਧ ਵਿਚ ਜਾਣ ਦੇ ਲਈ ਚੰਗੀ ਤਰ੍ਹਾਂ ਤਿਆਰ ਸਨ।

ਜਿਵੇਂ ਪਰਮੇਸ਼ੁਰ ਨੇ ਉਨ੍ਹਾਂ ਦਿਨਾਂ ਵਿਚ ਆਪਣੀ ਪਰਜਾ ਦੀ ਅਗਵਾਈ ਕੀਤੀ ਸੀ, ਉਹ ਅੱਜ ਵੀ ਆਪਣੀ ਪਰਜਾ ਦੀ ਅਗਵਾਈ ਕਰਦਾ ਹੈ। ਪਰਮੇਸ਼ੁਰ ਸਾਡੇ ਨਾਲ ਸਿੱਧਾ ਗੱਲ ਨਹੀਂ ਕਰਦਾ, ਪਰ ਉਸ ਨੇ ਆਪਣੇ ਵਚਨ ਵਿਚ ਅਰਥਾਤ ਬਾਈਬਲ ਵਿਚ ਸਾਡੇ ਲਈ ਆਪਣੀ ਇੱਛਾ ਨੂੰ ਪਰਗਟ ਕੀਤਾ ਹੈ (ਯੂਹੰਨਾ 12:48; 2 ਤਿਮੋਥਿਉਸ 3:16, 17)। ਜਿਵੇਂ ਇਸਰਾਏਲੀਆਂ ਨੂੰ ਪਰਮੇਸ਼ੁਰ ਨੂੰ ਸੁਣਨ ਅਤੇ ਉਸ ਦੀਆਂ ਹਦਾਇਤਾਂ ਦਾ ਪਾਲਣ ਕਰਨ ਦੀ ਲੋੜ ਸੀ, ਉਸੇ ਤਰ੍ਹਾਂ ਸਾਨੂੰ ਵੀ ਉਹ ਸੁਣਨ ਅਤੇ ਉਸ ਦਾ ਪਾਲਣ ਕਰਨ ਦੀ ਲੋੜ ਹੈ ਜੋ ਪਰਮੇਸ਼ੁਰ ਅੱਜ ਸਾਨੂੰ ਕਹਿੰਦਾ ਹੈ।

*ਸਾਨੂੰ ਆਗਿਆਕਾਰੀ ਬਣਨਾ ਸਿੱਖਣਾ ਚਾਹੀਦਾ ਹੈ।* ਕੋਈ ਵੀ ਸੈਨਾ ਜਿਹੜੀ ਹੁਕਮ ਦੀ ਉਲੰਘਣਾ ਕਰਦੀ ਹੈ ਜਾਂ ਆਪਣੇ ਸੈਨਾਪਤੀ ਨੂੰ ਨਜ਼ਰਅੰਦਾਜ਼ ਕਰਦੀ ਹੈ ਜੇਤੂ ਹੋਣ ਦੀ ਆਸ ਨਹੀਂ ਕਰ ਸਕਦੀ। ਉਸੇ ਤਰ੍ਹਾਂ, ਮਸੀਹੀ ਲੋਕ ਵੀ ਸਫ਼ਲ ਹੋਣ ਦੀ ਆਸ ਨਹੀਂ ਕਰ ਸਕਦੇ ਜੇਕਰ ਉਹ ਪਰਮੇਸ਼ੁਰ ਦੇ ਹੁਕਮਾਂ ਦੀ ਉਲੰਘਣਾ ਅਤੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਦੇ ਹਨ।

ਇਸਰਾਏਲੀਆਂ ਦੇ ਮਾਮਲੇ ਵਿਚ, ਉਨ੍ਹਾਂ ਨੇ ਯਹੋਵਾਹ ਦੀ ਪੂਰੀ ਤਰ੍ਹਾਂ ਆਗਿਆਕਾਰੀ ਕੀਤੀ ਜਦੋਂ ਉਨ੍ਹਾਂ ਨੇ ਸੀਨਈ ਤੋਂ ਕੂਚ ਕਰਨ ਦੀ ਤਿਆਰੀ ਕੀਤੀ ਸੀ। ਉਦਾਹਰਣ ਦੇ ਲਈ, ਗਿਣਤੀ 1:54 ਕਹਿੰਦੀ ਹੈ, "ਇਸਰਾਏਲੀਆਂ ਨੇ ਇਉਂ ਹੀ ਕੀਤਾ। ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਤਿਵੇਂ ਹੀ ਕੀਤਾ" (ਵੇਖੋ 2:34; 3:51; 4:49; 8:22; 9:23)। ਇਸਰਾਏਲੀਆਂ ਨੇ ਕਿੰਨੀ ਸ਼ਾਨਦਾਰ ਸ਼ੁਰੂਆਤ ਕੀਤੀ ਸੀ ਜਦੋਂ ਉਨ੍ਹਾਂ ਨੇ ਵਾਅਦੇ ਦੀ ਧਰਤੀ ਤੇ ਜਿੱਤ ਪਾਉਣ ਦੀ ਤਿਆਰੀ ਕੀਤੀ ਸੀ! ਪਰ, ਯਹੋਵਾਹ ਦੇ ਪ੍ਰਤੀ ਉਨ੍ਹਾਂ ਦੀ ਆਗਿਆਕਾਰੀ ਜ਼ਿਆਦਾ ਦੇਰ ਤੱਕ ਕਾਇਮ ਨਹੀਂ ਰਹੀ।

ਸ਼ਾਇਦ ਸਾਨੂੰ ਇਸ ਗੱਲ ਤੇ ਬਾਕੀ ਗੱਲਾਂ ਨਾਲੋਂ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਕੀ

ਸਾਡੇ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ "ਜਿਵੇਂ ਯਹੋਵਾਹ ਨੇ [ਸਾਨੂੰ] ਹੁਕਮ ਦਿੱਤਾ ਸੀ [ਅਸੀਂ] ਸਭ ਕੁਝ ਉਵੇਂ ਹੀ ਕੀਤਾ"? ਕਲੀਸੀਆ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਕੀ ਹੈ? ਸਾਡੇ ਹੁਕਮ ਵਿਚ ਸਭ ਤੋਂ ਪਹਿਲਾਂ ਕੀ ਆਉਂਦਾ ਹੈ? ਕੀ ਕਲੀਸੀਆ ਦੀ ਮੁਢਲੀ ਜ਼ਿੰਮੇਵਾਰੀ "ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ" ਦੀ ਨਹੀਂ ਹੈ (ਲੂਕਾ 19:10)? ਕੀ ਸਾਨੂੰ ਇਹ ਹੁਕਮ ਨਹੀਂ ਦਿੱਤਾ ਗਿਆ ਕਿ "ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖ਼ੁਸ਼ ਖਬਰੀ ਦਾ ਪਰਚਾਰ ਕਰੋ" (ਮਰਕੁਸ 16:15)?

*ਸਿੱਟਾ।* ਕੀ ਅਸੀਂ ਪਰਮੇਸ਼ੁਰ ਦੀ ਸੈਨਾ ਬਣਨ ਦੇ ਲਈ ਤਿਆਰ ਹਾਂ? ਜੇਕਰ ਅਸੀਂ ਉਸ ਤਰ੍ਹਾਂ ਸੰਗਠਿਤ ਹੋਵਾਂਗੇ ਜਿਵੇਂ ਪਰਮੇਸ਼ੁਰ ਨਿਰਦੇਸ਼ ਦਿੰਦਾ ਹੈ, ਉਸ ਦੀ ਪਵਿੱਤਰ ਪਰਜਾ ਬਣਾਂਗੇ, ਆਪਣੇ ਸੈਨਾਪਤੀ ਦੇ ਤਾਬੇਦਾਰ ਰਹਾਂਗੇ, ਉਸ ਦੇ ਹੁਕਮਾਂ ਨੂੰ ਸੁਣਾਂਗੇ ਅਤੇ ਉਸ ਦੀ ਆਗਿਆ ਦਾ ਪੂਰੀ ਤਰ੍ਹਾਂ ਪਾਲਣ ਕਰਾਂਗੇ, ਤਾਂ ਅਸੀਂ ਹਨੇਰੇ ਦੀਆਂ ਸ਼ਕਤੀਆਂ ਵਿਰੁੱਧ ਸਾਡੇ ਯੁੱਧ ਵਿਚ ਸਫ਼ਲ ਹੋਣ ਦੀ ਉਮੀਦ ਕਰ ਸਕਦੇ ਹਾਂ।

---

ਟਿੱਪਣੀਆਂ

[1]ਆਰ. ਡੈਨਿਸ ਕੋਲ ਦੀ ਪੁਸਤਕ *ਜ਼ੋਂਡੇਰਵਨ ਇਲੁਸਟਰੇਟਡ ਬਾਈਬਲ ਬੈਕਗਰਾਊਂਡਸ ਕਮੈਂਟਰੀ*, ਜਿਲਦ 1, *ਉਤਪਤ, ਕੂਚ, ਲੇਵੀਆਂ ਦੀ ਪੋਥੀ, ਗਿਣਤੀ, ਬਿਵਸਥਾ ਸਾਰ*, ਸੰਪਾ. ਜੌਨ ਐਚ. ਵਾਲਟਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2009) ਵਿਚ ਸਫ਼ਾ 353 ਤੇ "ਗਿਣਤੀ" ਹੈ। ਇਸ ਸਫ਼ੇ ਤੇ ਟੂਟਨਖਾਮੈਨ ਦੀ ਕਬਰ ਤੋਂ ਇਕ ਤੁਰ੍ਹੀ ਦੀ ਫੋਟੋ ਸ਼ਾਮਲ ਕੀਤੀ ਗਈ ਹੈ। ਚਾਂਦੀ ਦੀਆਂ ਤੁਰ੍ਹੀਆਂ ਦੇ ਵਰਣਨ ਦੇ ਲਈ, ਜੋਸੇਫਸ ਦੀ ਪੁਸਤਕ *ਐਂਟੀਕਿਊਟੀਜ* ਦਾ ਸਫ਼ਾ 3.12.6 ਵੇਖੋ। ਰੋਮ ਵਿਚ ਆਰਚ ਆਫ਼ ਟਾਈਟਸ ਦੇ ਅੰਦਰ ਹੇਰੋਦੀਆ ਦੇ ਮੰਦਿਰ ਵਿੱਚੋਂ ਲਈਆਂ ਗਈਆਂ ਪਵਿੱਤਰ ਤੁਰ੍ਹੀਆਂ ਦਾ ਇਕ ਪ੍ਰਤੀਰੂਪ ਸੰਭਾਲ ਕੇ ਰੱਖਿਆ ਗਿਆ ਹੈ। ਮੀਨੋਰਾਹ ਅਤੇ ਹਜ਼ੂਰੀ ਦੀਆਂ ਰੋਟੀਆਂ ਦੇ ਨਾਲ-ਨਾਲ, ਤੁਰ੍ਹੀਆਂ ਨੂੰ ਮੰਦਿਰ ਵਿੱਚੋਂ ਲੁੱਟ ਲਿਆ ਗਿਆ ਸੀ ਜਦੋਂ 70 ਈਸਵੀ ਵਿਚ ਇਸ ਨੂੰ ਤਬਾਹ ਕਰ ਦਿੱਤਾ ਗਿਆ ਸੀ। [2]ਬੀ. ਮਾਰਸਿੰਘ, *ਗਿਣਤੀ: ਏ ਪ੍ਰੈਕਟੀਕਲ ਕਮੈਂਟਰੀ*, ਅਨੁਵਾਦ. ਜੌਨ ਵੀਰੈਂਡ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1987), 35. [3]ਸਪਤਤੀ (LXX) ਉਨ੍ਹਾਂ ਦੀ ਸਹੀ ਤਰਤੀਬ ਵਿਚ ਪੱਛਮੀ ਅਤੇ ਉੱਤਰੀ ਗੋਤਾਂ ਦਾ ਹਵਾਲਾ ਦਿੰਦੀ ਹੈ। ਸ਼ਾਇਦ ਅਨੁਵਾਦਕਾਂ ਨੇ ਵਕਫ਼ਿਆਂ ਨੂੰ ਭਰਨ ਦੇ ਲਈ ਇਹ ਜਾਣਕਾਰੀ ਇਸ ਦੇ ਵਿਚ ਜੋੜੀ ਸੀ। [4]ਮਿਸ਼ਨਾਹ *ਰੋਸ਼ ਹਸ਼ਾਨਾਹ* 4.9. [5]ਵੇਖੋ ਕੂਚ 27:21; 29:9; 30:21; ਲੇਵੀਆਂ 3:17; 10:9; 23:14, 21, 31, 41; 24:3; ਗਿਣਤੀ 15:15; 18:23; 19:10, 21. [6]ਦਸਤਾਵੇਜੀ ਪਰਿਕਲਪਨਾ ਦੀ ਵਿਆਖਿਆ ਦੇ ਲਈ, ਰੋਪਰ ਦੀ ਪੁਸਤਕ ਦੇ ਸਫ਼ੇ 651-55 ਵੇਖੋ। [7]ਵਿਕਟਰ ਪੀ. ਹੈਮਿਲਟਨ ਦੀ ਪੁਸਤਕ *ਹੈਂਡਬੁਕ ਆਨ ਹਿਸਟੋਰੀਕਲ ਬੁਕਸ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਅਕੈਡਮਿਕ, 2001) ਵਿਚ ਸਫ਼ਾ 121 ਤੇ ਇਸ ਵਿਚਾਰ ਦਾ ਸੁਝਾਅ ਦਿੱਤਾ ਗਿਆ ਹੈ ਪਰ ਸਮਰਥਨ ਨਹੀਂ ਕੀਤਾ ਗਿਆ। [8]ਉਸੇ ਸਥਾਨ ਤੇ। [9]ਰੋਨਲਡ ਬੀ. ਐਲਨ ਦੀ ਪੁਸਤਕ *ਇਕਸਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੰਪਾ. ਫਰੈਂਕ ਈ. ਗਾਬਲੀਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ੇ 784-85 ਤੇ "ਗਿਣਤੀ" ਹੈ।